For advertisement and donations contact
DEVINDER TOOR 416-902-9372
HARBANS SINGH 416-817-7142
Email: ppapmg@gmail.com
Om Parkash Sharma
647-891-8500
Email : omjagraon@yahoo.com
Pro-People Arts Project Media Group
"Sarokaran Di Awaz" Newspaper
29 Mapleview Ave Brampton
Ontario
Canada L6R 1M2
Email: ppapmg@gmail.com
Website: www.ppapmg.com

Voice of Social Concerns

ਰਜਿਸਟ੍ਰੇਸ਼ਨ ਨੰਬਰ 210836300

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ

ਸਾਲ-4, ਅੰਕ-5, 23 ਮਈ

Pro-People Arts
Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com
ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਕੈਨੇਡਾ ਵਿਚ ਹੋ ਰਹੀਆਂ ਚੋਣਾਂ ਦੇ ਸਬੰਧ ਵਿਚ ਸਮਾਜਕ, ਸਭਿਆਚਾਰਕ, ਰਾਜਨੀਤਕ ਅਤੇ ਨਵੇਂ ਦ੍ਰਿਸ਼ਟੀਕੋਣ ਇਨ੍ਹਾਂ ਚੋਣਾਂ ਵਿਚ ਕੀ ਹੋਣੇ ਚਾਹੀਦੇ ਹਨ ਉਪਰ ਵਿਸ਼ੇਸ਼ ਅੰਕ 6 ਜੂਨ 2014 ਨੂੰ 'ਸਰੋਕਾਰਾਂ ਦੀ ਆਵਾਜ਼' ਵਲੋਂ ਕੱਢਿਆ ਜਾਵੇਗਾ। ਇਸ ਲਈ ਆਪਣੇ ਇਸ਼ਤਿਹਾਰ ਅਤੇ ਚੋਣਾਂ ਸਬੰਧੀ ਸਮੱਗਰੀ 3 ਜੂਨ ਤੱਕ ਦੇਣ ਦੀ ਖੇਚਲ ਕਰਨੀ।

## ਸੰਪਾਦਕੀ

ਭਾਰਤ ਦੀ ਜਮਹੂਰੀਅਤ ਵਿਚ ਲੋਕ ਸਭਾ ਚੋਣਾਂ ਦਾ ਵਿਸ਼ੇਸ਼ ਮਹੱਤਵ ਹੈ। ਇਸ ਉਪਰ ਸਮੁੱਚੀ ਦੁਨੀਆਂ ਦੀਆਂ ਨਜ਼ਰਾਂ ਲੱਗੀਆਂ ਰਹੀਆਂ ਹਨ ਪਰ ਜਿਸ ਕਿਸਮ ਦੇ ਨਤੀਜੇ ਭਾਰਤੀ ਰਾਜਨੀਤੀ ਵਿਚ ਉਭਰਕੇ ਸਾਹਮਣੇ ਆਏ ਹਨ ਉਸ ਨੇ ਨਵੇਂ ਦ੍ਰਿਸ਼ਟੀਕੋਣਾਂ ਤੋਂ ਸੋਚਣ ਲਈ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਕਾਰਪੋਰੇਟ ਘਰਾਣੇ ਕਿਸ ਕਿਸਮ ਦੀ ਸਾਂਝ ਪਿਆਲੀ ਪੈਦਾ ਕਰ ਸਕਦੇ ਹਨ ਅਤੇ ਇਕੋ ਰੰਗ, ਇਕੋ ਸੋਚ ਅਤੇ ਇਕੋ ਸਭਿਆਚਾਰ ਵਾਲੀ ਪਾਰਟੀ ਨੂੰ ਸੱਤਾ ਵਿਚ ਲਿਆ ਸਕਦੇ ਹਨ। ਇਹ ਤਾਂ ਆਉਣ ਵਾਲਾ ਸਮਾਂ ਤੈਅ ਕਰੇਗਾ ਕਿ ਵੱਖ-ਵੱਖ ਸਭਿਆਚਾਰਾਂ, ਨਸਲਾਂ, ਭਾਸ਼ਾਵਾਂ, ਧਰਮਾਂ ਅਤੇ ਬੋਲੀਆਂ ਦੇ ਲੋਕ ਆਪਣੇ ਆਵਾਜ਼ ਨੂੰ ਕਿਸ ਤਰ੍ਹਾਂ ਭਾਰਤ ਦੇ ਵਿਚ ਵਿਕਸਿਤ ਕਰਨਗੇ ਅਤੇ ਉਨ੍ਹਾਂ ਦੀ ਆਵਾਜ਼ ਕਿਸ ਪੱਧਰ 'ਤੇ ਉਚੀ ਉਠੇਗੀ ਅਤੇ ਇਹ ਆਵਾਜ਼ ਕਿਸ ਕਿਸਮ ਨਾਲ ਆਪਣੇ ਸਰੋਕਾਰ ਮੁੜ ਸਥਾਪਤ ਕਰੇਗੀ। ਇਸ ਸਵਾਲ ਦਾ ਜਵਾਬ ਹਰੇਕ ਅਗਾਂਹਵਧੂ ਸੋਚਵਾਨ ਨੂੰ ਆਪਣੇ ਪੱਧਰ 'ਤੇ ਅਤੇ ਆਪਣੇ ਹਰੇਕ ਕਾਰਜ ਖੇਤਰ ਵਿਚ ਦੇਣਾ ਪਵੇਗਾ। ਜਿਸ ਉਪਰ ਬਹਿਸ ਅਤੇ ਸੰਜੀਦਾ ਕਿਸਮ ਦੀ ਸੋਚ ਉਤਪੰਨ ਕਰਨ ਦਾ ਕਾਰਜ ਤੁਹਾਡੇ ਅਤੇ ਸਾਡੇ ਹਿੱਸੇ ਆਵੇਗਾ। -ਹਰਬੰਸ ਸਿੰਘ

# ਵਿਸ਼ੇਸ਼ ਅੰਕ : ਕਾਮਾਗਾਟਾ ਮਾਰੂ ਦੀ ਸੰਘਰਸ਼ਸ਼ੀਲ ਗਾਥਾ ਨੂੰ ਸਮਰਪਿਤ



ਦੁਨੀਆ ਦੇ ਇਤਿਹਾਸ ਵਿਚ ਕਈ ਕੌਮਾਂ ਅਜਿਹੇ ਕਾਰਜ ਕਰਦੀਆਂ ਹਨ ਜਿਹੜੇ ਨਾ ਭੁੱਲਣਯੋਗ ਹੁੰਦੇ ਹਨ ਅਤੇ ਇਤਿਹਾਸ ਵਿਚ ਆਪਣੀ ਵਿਲੱਖਣ ਛਾਪ ਛੱਡ ਜਾਂਦੇ ਹਨ। ਹਾਲਾਂਕਿ ਪੰਜਾਬ ਦੇ ਖਿਤੇ 'ਚੋਂ ਬਹੁਤ ਲੋਕ ਆਪਣੇ ਰਿਜ਼ਕ ਲਈ ਪ੍ਰਵਾਸ ਕਰਦੇ ਰਹੇ ਹਨ ਉਸ ਦੇ ਕਈ ਆਰਥਿਕ ਕਾਰਨ ਵੀ ਹੋ ਸਕਦੇ ਹਨ ਪਰ ਇਕ ਦੂਰ ਤੱਕ ਨਵੀਂ ਦੁਨੀਆ ਨੂੰ ਤਲਾਸ਼ਣ ਅਤੇ ਨਵੇਂ ਵਿਚਾਰਾਂ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਲਈ ਵੀ ਹੁੰਦੇ ਹਨ। ਪੰਜਾਬੀਆਂ ਨੇ ਜਿਥੇ ਕਈ ਖੇਤਰਾਂ ਵਿਚ ਮੱਲਾਂ ਮਾਰੀਆਂ ਨੇ ਉਥੇ ਉਨ੍ਹਾਂ ਨੇ ਜਦੋਂ ਵੀ ਇਤਿਹਾਸ ਵਿਚ ਇਨ੍ਹਾਂ ਉਪਰ ਕਿਸੇ ਕਿਸਮ ਦਾ ਸੰਕਟ ਦਾ ਦੌਰ ਆਇਆ ਹੈ ਜਾਂ ਇਨ੍ਹਾਂ ਨੂੰ ਜਾਪਿਆ ਕਿ ਇਥੇ ਕੋਈ ਤਬਦੀਲੀ ਕੀਤੀ ਜਾ ਸਕਦੀ ਹੈ ਇਨ੍ਹਾਂ ਨੇ ਘਰ ਬਾਰ ਛੱਡ ਕੇ ਆਪਣੇ ਕਾਰੋਬਾਰ ਦਾਅ 'ਤੇ ਲਾ ਕੇ ਆਪਣੇ ਆਪ ਨੂੰ ਸ਼ਾਨਦਾਰ ਬਦਲਦੇ ਸਮਾਜ ਅਤੇ ਗੁਲਾਮੀ ਤੋਂ ਛੁਟਕਾਰਾ ਪਾਉਣ ਵਾਲੇ ਸਮਾਜ ਵੱਲ ਨੂੰ ਕਰਨ ਦੀ ਪਹਿਲਕਦਮੀ ਕੀਤੀ ਹੈ। 23 ਮਈ 1914 ਦਾ ਅਜਿਹਾ ਇਤਿਹਾਸਕ ਦਿਨ ਜਦੋਂ ਬਾਬਾ ਗੁਰਦਿੱਤ ਸਿੰਘ ਨੇ ਅਜਿਹੀ ਵੰਗਾਰ ਬਰਤਾਨਵੀ ਬਸਤੀਵਾਦੀਆਂ ਸਾਹਮਣੇ ਖੜ੍ਹੀ ਕਰ ਦਿੱਤੀ ਕਿ ਅੰਗਰੇਜ਼ਾਂ ਨੇ ਇਨ੍ਹਾਂ ਦੀ ਆਜ਼ਾਦੀ ਦੀ ਤਮੰਨਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਇਨ੍ਹਾਂ ਨੇ ਆਪਣਾ ਸਫ਼ਰ ਜਾਰੀ ਰੱਖਣਾ ਸਮਝਿਆ ਅਤੇ ਲਗਾਤਾਰ ਦੇਸ਼ ਦੀ ਆਜ਼ਾਦੀ ਲਈ ਆਪਣੇ ਆਪ ਨੂੰ ਹਰ ਚੁਣੌਤੀ ਸੰਗ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਇਤਿਹਾਸ ਦੇ ਪੰਨਿਆਂ 'ਤੇ ਆਪਣੇ ਆਪ ਨੂੰ ਸੁਨਹਿਰੀ ਅੱਖਰਾਂ ਵਿਚ ਦਰਜ ਕਰਵਾ ਗਿਆ। ਇਸ ਦੀ ਸਮੁੱਚੀ ਗਾਥਾ ਇਸ ਅੰਕ ਦੇ ਪੰਨਿਆਂ ਵਿਚ ਦਰਜ ਹੈ। – ਸੰਪਾਦਕ




How AAP ate into the Akali vote




Ontario job situation still in need of a helping hand




ਇਤਿਹਾਸ ਦੇ ਅਹਿਮ ਪੰਨਿਆਂ 'ਚ ਭਗਤ ਸਿੰਘ




ਪੰਜਾਬ ਨੇ ਆਮ ਆਦਮੀ ਨੂੰ ਹਸਾਇਆ, ਸਿਆਸਤਦਾਨਾਂ ਨੂੰ ਫਿਕਰੀਂ ਪਾਇਆ

SUPER VISA INSURANCE



Sherjang Singh Rana
416.910.9000

Punjab Insurance Inc
PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

Village of India
Restaurant & Sweets
Tel: 905 - 450 - 3333
www.villageofindia.ca
*Open 7 days a week *Pur Veg. Authentic Fine Indian Cuisine
PARTY HALL (up to 100 people)
Party Hall + Catering + Seating
Arrangement + Sound System + Lighting
*DINE IN *TAKE OUT *CATERING *SWEETS & SNACKS
114 Kennedy Road, South, Brampton, ON L6W 3E7
(Between Queen / HWY 7 & Steeles )

GoGreen
JGN KITCHENS
JGN Kitchens



Special
20% off
Bathroom & Kitchen Design.
Traditional, Transitional & Contemporary.
Solid Wood Entry Doors
Wide Variety of Wood, Thermofoil & Laminates.
Tel: 905-828-8009
www.jgnkitchens.com
3600A Laird Road, Unit-2-4
Mississauga, ON, L5L 6A6
Email: info@jgnkitchens.com



Kulwant Singh Pannu
Sales Representative
416.276.1566
k.pannu@hotmail.com
AIR MILES
Century 21
Century 21 Green Realty Inc., Brokerage
REALTOR
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

# ਨੰਨ੍ਹੀ ਛਾਂ ਚੌਕ ਚਮਕਾਇਆ, ਬਾਕੀਆਂ ਨੂੰ ਭੁਲਾਇਆ

**ਚਰਨਜੀਤ ਭੁੱਲਰ**

ਬਠਿੰਡਾ ਵਿੱਚ ਨੰਨ੍ਹੀ ਛਾਂ ਚੌਕ ਤਾਂ ਚਮਕਾਂ ਮਾਰ ਰਿਹਾ ਹੈ ਜਦੋਂ ਕਿ ਫੌਜੀ ਚੌਕ ਅੱਧ ਵਿਚਾਲੇ ਲਟਕ ਰਿਹਾ ਹੈ। ਉੱਚ ਅਫ਼ਸਰਾਂ ਦੀ ਤਰਜੀਹ ਜੇਕਰ ਵਿਕਟੋਰੀਆ ਕਰਾਸ ਜੇਤੂ ਸੂਬੇਦਾਰ ਨੰਦ ਸਿੰਘ ਦਾ ਚੌਕ ਹੁੰਦਾ ਤਾਂ ਇਸ ਦਾ ਕੰਮ ਵੀ ਲਟਕਣਾ ਨਹੀਂ ਸੀ। ਬਠਿੰਡਾ ਵਿਕਾਸ ਅਥਾਰਟੀ ਨੇ ਨੰਨ੍ਹੀ ਛਾਂ ਚੌਕ ’ਤੇ ਪੂਰਾ ਜ਼ੋਰ ਲਗਾਇਆ ਹੈ ਤੇ ਇਸ ’ਤੇ ਕਰੀਬ 36.50 ਲੱਖ ਰੁਪਏ ਖਰਚ ਕੀਤੇ ਗਏ ਹਨ। ਬਠਿੰਡਾ-ਬਾਦਲ ਸੜਕ ’ਤੇ ਇਹ ਨਵਾਂ ਚੌਕ ਬਣਾਇਆ ਗਿਆ ਹੈ ਜਿਸ ਲਈ ਪੂਰਾ ਪੈਸਾ ਬਠਿੰਡਾ ਰਿਫਾਈਨਰੀ ਨੇ ਦਿੱਤਾ ਹੈ।

ਨੰਨ੍ਹੀ ਛਾਂ ਚੌਕ ਵਿੱਚ 8 ਲੱਖ ਰੁਪਏ ਦੀ ਲਾਗਤ ਨਾਲ ਇੱਕ ਬੁੱਤ ਲਗਾਇਆ ਗਿਆ ਹੈ ਜੋ ਨੰਨ੍ਹੀ ਛਾਂ ਦੀ ਤਰਜ਼ਮਾਨੀ ਕਰਦਾ ਹੈ। ਇਹ ਬੁੱਤ ਦਿੱਲੀ ਤੋਂ ਬਣਵਾਇਆ ਗਿਆ ਹੈ। ਚੌਕ ਵਿੱਚ ਬੁੱਤ ਦੇ ਆਸ ਪਾਸ ਫੁਹਾਰੇ ਤੇ ਐਲ.ਈ.ਡੀ ਲਾਈਟਾਂ ਲਗਾਈਆਂ ਗਈਆਂ ਹਨ। ਚੌਕ ਦੀ ਸਾਂਭ ਸੰਭਾਲ ਦਾ ਜ਼ਿੰਮਾ ਚੌਕ ਨੇੜਲੀ ਕਲੋਨੀ ਦੇ ਮਾਲਕਾਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਨੇ ਇਸ ਚੌਕ ਦੀ ਸਾਂਭ ਸੰਭਾਲ ਲਈ ਮਜ਼ਦੂਰ ਵੀ ਰੱਖਿਆ ਹੋਇਆ ਹੈ। ਚੌਕ ਦੀ ਬਿਜਲੀ ਦਾ ਬਿੱਲ ਵੀ ਪ੍ਰਾਈਵੇਟ ਕਲੋਨੀ ਵੱਲੋਂ ਹੀ ਭਰਿਆ ਜਾ ਰਿਹਾ ਹੈ। ਚੰਡੀਗੜ੍ਹ ਦੇ ਇੱਕ ਆਰਕੀਟੈਕਚਰ ਨੇ ਨੰਨ੍ਹੀ ਛਾਂ ਚੌਕ ਦਾ



ਪੂਰਾ ਖਾਕਾ ਤਿਆਰ ਕੀਤਾ ਹੈ। ਬਠਿੰਡਾ ਵਿਕਾਸ ਅਥਾਰਟੀ ਨੇ ਖਾਕਾ ਤਿਆਰ ਕਰਨ ਵਾਸਤੇ ਮੁਕਾਬਲੇ ਕਰਾਏ ਸਨ।

ਦੂਜੇ ਪਾਸੇ ਸੂਬੇਦਾਰ ਨੰਦ ਸਿੰਘ ਦਾ ਚੌਕ ਸਿਰੇ ਨਹੀਂ ਲੱਗ ਸਕਿਆ ਹੈ ਤੇ ਇਸਦਾ ਕੰਮ ਅੱਧ ਵਿਚਾਲੇ ਲਟਕਿਆ ਹੋਇਆ ਹੈ। ਇਸ ਚੌਕ ਵਿੱਚ ਮਾਰਬਲ ਤਾਂ ਲਗਾ ਦਿੱਤਾ ਗਿਆ ਹੈ ਪਰ ਚੌਕ ਵਿੱਚ ਦੋ ਤੋਪਾਂ ਲਗਾਉਣ ਦੀ ਯੋਜਨਾ ਕਿਸੇ ਸਿਰੇ ਨਹੀਂ ਲੱਗ ਸਕੀ ਹੈ। ਇਹ ਚੌਕ ਸ਼ਹਿਰ ਦੇ ਵਿਚਕਾਰ ਹੈ।

ਇਸੇ ਤਰ੍ਹਾਂ ਬਠਿੰਡਾ ਮਾਨਸਾ ਓਵਰਬਰਿੱਜ ਦੇ ਗੋਲ ਚੱਕਰ ਵਿੱਚ ਮਿਗ ਜਹਾਜ਼ ਪ੍ਰਦਰਸ਼ਿਤ ਕੀਤਾ ਜਾਣਾ ਸੀ। ਇਹ ਚੌਕ ਬੀ.ਸੀ.ਐਲ ਕੋਲ ਹੈ। ਪ੍ਰਾਈਵੇਟ ਕੰਪਨੀ ਨੇ ਚੌਕ ਦੇ ਚਾਰ ਚੁਫ਼ੇਰੇ ਮਸ਼ਹੂਰੀ ਵਾਲੇ ਬੋਰਡ ਤਾਂ ਲਗਾ ਦਿੱਤੇ ਹਨ ਪਰ ਇਸ ਚੌਕ ਦਾ ਕੰਮ ਸਿਰੇ ਨਹੀਂ ਲੱਗਿਆ ਹੈ। ਨਾਗਰਿਕ ਚੇਤਨਾ ਮੰਚ ਦੇ ਬੱਗਾ ਸਿੰਘ ਨੇ ਕਿਹਾ ਕਿ ਵਿਕਟੋਰੀਆ ਕਰਾਸ ਜੇਤੂ ਸੂਬੇਦਾਰ ਨੰਦ ਸਿੰਘ ਬਠਿੰਡਾ ਜ਼ਿਲ੍ਹੇ ਦਾ ਮਾਣ ਹਨ ਜਿਸ ਦੇ ਚੌਕ ਨੂੰ ਤਰਜੀਹ ਦੇ ਆਧਾਰ ’ਤੇ ਵਿਕਸਿਤ ਕੀਤਾ ਜਾਣਾ ਬਣਦਾ ਹੈ। ਬਠਿੰਡਾ ਵਿਕਾਸ ਅਥਾਰਟੀ ਦੇ ਮੁੱਖ ਅਧਿਕਾਰੀ ਨਾਲ ਸੰਪਰਕ ਨਹੀਂ ਹੋ ਸਕਿਆ। ਅਥਾਰਟੀ ਦੇ ਨਿਗਰਾਨ ਇੰਜਨੀਅਰ ਪਰਮਜੀਤ ਸਿੰਘ ਨੇ ਕਿਹਾ ਕਿ ਫੌਜੀ ਚੌਕ ਵਿੱਚ ਜੋ ਤੋਪਾਂ ਲਗਾਈਆਂ ਜਾਣੀਆਂ ਹਨ ਉਹ ਹੁਣ ਮਿਲੀਆਂ ਹਨ। ਬਠਿੰਡਾ ਛਾਉਣੀ ਨੇ ਦੋ ਤੋਪਾਂ ਦੇਣ ਦੀ ਹਾਮੀ ਭਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਬਠਿੰਡਾ ਮਾਨਸਾ ਚੌਕ ਵਾਸਤੇ ਮਿਗ ਜਹਾਜ਼ ਦੇਣ ਲਈ ਏਅਰ ਫੋਰਸ ਨੇ ਸਹਿਮਤੀ ਦੇ ਦਿੱਤੀ ਹੈ ਅਤੇ ਜਲਦੀ ਉੱਥੇ ਵੀ ਮਿਗ ਪ੍ਰਦਰਸ਼ਿਤ ਕਰ ਦਿੱਤਾ ਜਾਵੇਗਾ।



# ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਗ਼ਦਰ ਪਾਰਟੀ ਦੇ ਇਤਿਹਾਸ ਵਿਚ



ਜਰਨੈਲ ਸਿੰਘ ਅੱਚਰਵਾਲ

'ਦੇਸ਼-ਭਗਤ ਯਾਦਗਾਰ ਕਮੇਟੀ ਜਲੰਧਰ' ਗ਼ਦਰੀ ਬਾਬਿਆਂ ਦੀ ਬਣਾਈ ਹੋਈ ਸੰਸਥਾ ਹੈ, ਜਿਸ ਦੀ ਮਹੱਤਤਾ ਅਜੋਕੇ ਸਮੇਂ ਹੋਰ ਵੀ ਵਧ ਗਈ ਹੈ। ਇਸ ਕਮੇਟੀ ਵਲੋਂ ਜਲੰਧਰ ਵਿਚ ਬਣਾਇਆ ਗਿਆ 'ਦੇਸ਼ ਭਗਤ ਯਾਦਗਾਰ ਹਾਲ' ਇਨਕਲਾਬੀਆਂ ਲਈ ਮੱਕਾ ਮਦੀਨਾ ਬਣ ਗਿਆ ਹੈ। ਉਸ ਕਮੇਟੀ ਨੇ ਪਿਛਲੇ ਸਾਲ (1913) ਗ਼ਦਰ ਪਾਰਟੀ ਦਾ ਜਨਮ ਸ਼ਤਾਬਦੀ ਵਰ੍ਹਾ ਮਨਾਉਣ ਦਾ ਬੀੜਾ ਚੁੱਕਿਆ। ਉਸ ਕਮੇਟੀ ਦੇ ਪੈਰ ਚਿੰਨ੍ਹਾਂ 'ਤੇ ਚਲਦਿਆਂ ਵਿਦੇਸ਼ਾਂ 'ਚ ਬੈਠੇ ਭਾਰਤੀਆਂ ਨੇ ਵੀ ਸ਼ਤਾਬਦੀ ਵਰ੍ਹੇ ਨੂੰ ਤਨੋ, ਮਨੋਂ ਮਨਾਇਆ। ਸੌ ਸਾਲ ਦੌਰਾਨ ਬਾਹਰੋਂ ਆਏ ਪ੍ਰਵਾਸੀਆਂ ਅਤੇ ਕੈਨੇਡਾ ਸਰਕਾਰ ਦੇ ਸਭ ਸਮੀਕਰਨ ਬਦਲ ਚੁੱਕੇ ਪੁਰਖਿਆਂ ਦੇ ਨਾਵਾਂ ਨੂੰ ਭੁੱਲਣਾ ਸ਼ੁਰੂ ਕਰ ਦਿੰਦੀ ਹੈ। ਇਸ ਲਈ ਉਹਨਾਂ ਨੂੰ ਕੋਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ? ਉਨ੍ਹਾਂ ਨੇ ਆਜ਼ਾਦੀ ਲਈ ਕਿਹੜੇ ਉਦਮ ਕੀਤੇ? ਵਿਦੇਸ਼ ਦੀ ਧਰਤੀ 'ਤੇ ਉਨ੍ਹਾਂ ਨੂੰ ਨਫ਼ਰਤ ਨਾਲ ਕਿਉਂ ਵੇਖਿਆ ਜਾਂਦਾ ਸੀ? ਉਹਨਾਂ ਦਾ ਅਕਸ ਇਨਸਾਨਾਂ ਦੀ ਥਾਂ ਗਵਾਰਾਂ ਵਾਲਾ ਕਿਉਂ ਬਣਦਾ ਸੀ? ਅਜਿਹੇ ਬਹੁਤ ਸਾਰੇ ਸਵਾਲ ਸਨ, ਜਿਨ੍ਹਾਂ ਦਾ ਉਤਰ ਗ਼ਦਰ ਸ਼ਤਾਬਦੀ ਪ੍ਰੋਗਰਾਮਾਂ ਵਿਚ ਦਿੱਤਾ ਗਿਆ। ਸ਼ਤਾਬਦੀ ਪ੍ਰੋਗਰਾਮਾਂ ਨੇ ਸਭ ਦ੍ਰਿਸ਼ ਅੱਜ ਦੀ ਨੌਜਵਾਨ ਪੀੜ੍ਹੀ ਦੇ ਜ਼ਿਹਨ ਵਿਚ ਬਿਠਾਉਣ ਦਾ ਯਤਨ ਕੀਤਾ, ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ।

1914 ਦਾ ਵਰ੍ਹਾ 'ਕਾਮਾਗਾਟਾ ਮਾਰੂ' ਜਹਾਜ਼ ਦੀ ਘਟਨਾ ਦਾ ਸ਼ਤਾਬਦੀ ਵਰ੍ਹਾ ਹੈ। ਇਸ ਵਰ੍ਹੇ ਨੂੰ ਮਨਾਉਣਾ ਵੀ ਗ਼ਦਰੀ ਬਾਬਿਆਂ ਦਾ ਸੰਦੇਸ਼ ਅੱਗੇ ਪਹੁੰਚਾਉਣਾ ਹੈ। ਉਸ ਸਾਰੇ ਸੀਨ ਨੂੰ ਅੱਖਾਂ ਅੱਗੇ ਲਿਆਉਣਾ ਹੈ, ਜੋ ਸੌ ਸਾਲ ਪਹਿਲਾਂ ਸਾਡੇ ਪ੍ਰਵਾਸੀਆਂ 'ਤੇ ਕੈਨੇਡਾ ਦੀ ਬੰਦਰਗਾਹ, ਜਹਾਜ਼ ਦਾ ਆਉਣ ਜਾਣ ਦਾ ਸਫ਼ਰ ਤੇ ਕਲਕੱਤਾ ਬਜ ਬਜ ਘਾਟ 'ਤੇ ਵਾਪਰਿਆ। ਇਸ ਤੋਂ ਪਹਿਲਾਂ ਹਿੰਦੁਸਤਾਨੀ ਪ੍ਰਵਾਸੀਆਂ ਲਈ ਕੈਨੇਡਾ ਆਉਣ ਵਿਚ ਕੀ ਕੀ ਢੁੱਚਰਾਂ ਡਾਹੀਆਂ ਜਾਂਦੀਆਂ ਸਨ, ਨੂੰ ਜਾਨਣਾ ਵੀ ਜ਼ਰੂਰੀ ਹੈ, ਕਿਉਂਕਿ ਹਰ ਘਟਨਾ ਪਹਿਲੀ ਘਟਨਾ ਵਿਚੋਂ ਹੀ ਜਨਮ ਲੈਂਦੀ ਹੈ ਜਾਂ ਗਹਿਰਾ ਸਬੰਧ ਹੁੰਦਾ ਹੈ।

ਕੈਨੇਡਾ ਵਿਚ ਭਾਰਤੀਆਂ ਦੀ ਆਮਦ ਬਾਰੇ ਕੋਈ ਪੱਕੇ ਸਬੂਤ ਨਹੀਂ ਮਿਲਦੇ, ਜੋ ਮਿਲਦੇ ਹਨ ਉਹ ਵੱਖ-ਵੱਖ ਵਿਚਾਰ ਦਰਸਾਉਂਦੇ ਹਨ, ਭਾਰਤੀਆਂ ਦੇ ਪ੍ਰਵਾਸ ਦੇ ਕਾਰਨ ਬਾਹਰੀ ਨਾਲੋਂ ਅੰਦਰੂਨੀ ਸਨ, ਜਦ ਭਾਰਤੀਆਂ ਦਾ ਆਪਣੀ ਜਨਮ ਭੋਇੰ ਤੇ ਜੀਵਨ ਦਾ ਗੁਜ਼ਾਰਾ ਮੁਹਾਲ ਹੋ ਗਿਆ ਤਾਂ ਲੋਕਾਂ ਦੇ ਮਨਾਂ ਅੰਦਰ ਵਿਦੇਸ਼ ਜਾਣ ਦੇ ਵਿਚਾਰ ਆਉਣੇ ਸ਼ੁਰੂ ਹੋਏ। ਮਜ਼ਬੂਰ ਹੋਏ ਲੋਕਾਂ ਨੂੰ ਜਿਸ ਦੇਸ਼ ਵਲੋਂ ਵੀ ਰਾਹਤ ਮਿਲਦੀ ਮਹਿਸੂਸ ਹੁੰਦੀ ਉਧਰ ਨੂੰ ਮੂੰਹ ਕਰ ਲਏ ਸਨ। ਇਹ ਸਮਾਂ 19ਵੀਂ ਸਦੀ ਦੇ ਅਖੀਰ ਤੇ 20ਵੀਂ ਸਦੀ ਦੇ ਸ਼ੁਰੂ ਦਾ ਸਮਾਂ ਸੀ। ਬਾਬਾ ਭਗਤ ਸਿੰਘ ਬਿਲਗਾ ਜੀ ਆਪਣੇ ਕਿਤਾਬ 'ਗ਼ਦਰ ਲਹਿਰ ਦੇ ਅਣਫੋਲੇ ਵਰਕੇ' ਵਿਚ ਦਰਸਾਉਂਦੇ ਹਨ ਕਿ 1904 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿਚ ਬ੍ਰਿਟਿਸ਼ ਕੋਲੰਬੀਆ ਵਿਚ ਪੰਜਾਬੀਆਂ ਦੀ ਗਿਣਤੀ 258 ਸੀ, ਜੋ ਵੱਧ ਕੇ 1908 ਵਿਚ 5000 ਤੱਕ ਪਹੁੰਚ ਗਈ ਸੀ। ਇਸ ਤੋਂ ਅੱਗੇ ਗਿਣਤੀ ਵਧਦੀ ਹੋਰ ਵੀ ਤੇਜ਼ ਹੁੰਦੀ ਗਈ ਸੀ।

1897 ਵਿਚ ਬਰਤਾਨਵੀ ਸਾਮਰਾਜੀਆਂ ਦੇ ਜਿਹੜੇ ਦੇਸ਼ਾਂ ਵਿਚ ਉਹਨਾਂ ਦੇ ਰਾਜ ਸਥਾਪਤ ਸਨ, ਉਨ੍ਹਾਂ ਬਸਤੀਆਂ ਦੇ ਪ੍ਰਧਾਨ ਮੰਤਰੀਆਂ ਦੀ ਇਮਪੀਰੀਅਲ ਦੀ ਰਿਆਇਤ ਹੋਣ ਦੇ ਨਾਤੇ ਹੀ ਇਹ ਹੱਕ ਨਹੀਂ ਪਹੁੰਚ ਜਾਂਦਾ ਕਿ ਉਹ ਅੰਗਰੇਜ਼ੀ ਬਸਤੀਆਂ ਵਿਚ ਜਾ ਕੇ ਵਸਣ। ਇਨ੍ਹਾਂ ਬਸਤੀਆਂ ਦੇ ਗੋਰੇ ਮਾਲਕਾਂ ਦੀਆਂ ਹਕੂਮਤਾਂ ਨੂੰ ਅਖਤਿਆਰ ਹੈ ਕਿ ਉਹ ਭਾਰਤੀਆਂ ਨੂੰ ਵਸਣ ਦੇਣ ਜਾਂ ਨਾ ਦੇਣ।"

ਗੁਰਚਰਨ ਸਿੰਘ ਸਹਿਸਰਾ ਜੀ 'ਗ਼ਦਰ ਪਾਰਟੀ ਦੇ ਇਤਿਹਾਸ ਵਿਚ ਲਿਖਦੇ ਹਨ ਕਿ ਕੈਨੇਡਾ ਦੇ ਕਾਨੂੰਨ ਦੀ ਦਫ਼ਾ 2 ਅਨੁਸਾਰ ਜੋ ਆਦਮੀ ਤਿੰਨ ਸਾਲ ਕੈਨੇਡਾ ਵਿਚ ਰਹਿ ਲਵੇ, ਉਹ ਕੈਨੇਡਾ ਦਾ ਪੱਕਾ ਵਸਨੀਕ ਹੋ ਜਾਂਦਾ ਸੀ। 'ਕਾਨੂੰਨੀ ਤੌਰ 'ਤੇ ਉਹ ਆਪਣੇ ਰਿਸ਼ਤੇਦਾਰਾਂ ਨੂੰ ਮੰਗਵਾਉਣ ਦੇ ਹੱਕਦਾਰ ਸਨ ਪਰ ਘਾਟਾਂ (ਬੰਦਰਗਾਹਾਂ) ਦੇ ਨਵੇਂ ਸੋਧੇ ਕਾਨੂੰਨ ਨੇ ਅੜਿੱਕਾ ਖੜ੍ਹਾ ਕਰ ਦਿੱਤਾ ਸੀ।

ਕੈਨੇਡਾ ਪਹੁੰਚੇ ਭਾਰਤੀਆਂ ਨੇ ਆਪਣੇ ਸੰਘਰਸ਼ਾਂ ਸਦਕਾ ਕੈਨੇਡਾ ਅੰਦਰ ਵਸੇਬੇ ਦਾ ਹੱਕ ਪ੍ਰਾਪਤ ਕਰ ਲਿਆ ਸੀ। ਉਹ ਆਪਣੇ ਪਰਿਵਾਰਾਂ ਨੂੰ ਆਪਣੇ ਕੋਲ ਸੱਦ ਕੇ ਖੁਸ਼ੀ ਦਾ ਜੀਵਨ ਬਤੀਤ ਕਰਨ ਦੇ ਇਛੁੱਕ ਸਨ। ਜਦ ਬਾਬਾ ਹਰੀ ਸਿੰਘ ਆਪਣੇ ਪਰਿਵਾਰ ਨੂੰ ਲੈ ਕੇ ਗਏ ਤਾਂ ਘਾਟਾਂ (ਬੰਦਰਗਾਹਾਂ) ਦੇ ਮਹਿਕਮੇ ਨੇ ਉਤਰਨ ਦੀ ਆਗਿਆ ਨਾ ਦਿੱਤੀ। ਬਾਬਾ ਹਰੀ ਸਿੰਘ ਨੇ ਘਾਟਾਂ ਦੇ ਮਹਿਕਮੇ 'ਤੇ ਅਦਾਲਤ ਵਿਚ ਅਪੀਲ ਕਰ ਦਿੱਤੀ। ਜਦ ਸਰਕਾਰ ਹਾਰਦੀ ਦਿਸੀ ਤਾਂ ਪਰਿਵਾਰ ਨੂੰ ਉਤਰਨ ਦੀ ਆਗਿਆ ਦੇ ਦਿੱਤੀ। ਇਸੇ ਤਰ੍ਹਾਂ ਹੀ ਬਾਅਦ ਵਿਚ ਭਾਗ ਸਿੰਘ ਭਿਖੀਵਿੰਡ ਤੇ ਗਿਆਨੀ ਬਲਵੰਤ ਸਿੰਘ ਖੁਰਦਪੁਰ ਦੇ ਪਰਿਵਾਰ ਆਉਣ ਵੇਲੇ ਹੈਰਾਨ ਕੀਤਾ ਗਿਆ। ਕੈਨੇਡੀਅਨ ਸਰਕਾਰ ਦਾ ਹਰ ਯਤਨ ਭਾਰਤੀਆਂ ਨੂੰ ਕੈਨੇਡਾ ਵਿਚ ਆਉਣੋਂ ਰੋਕਣਾ ਸੀ। ਕੈਨੇਡੀਅਨ ਸਰਕਾਰ ਵਾਲਾ ਵਤੀਰਾ ਹੀ ਅਮਰੀਕਾ ਦੀ ਸਰਕਾਰ ਕਰ ਰਹੀ ਸੀ।

ਕੈਨੇਡਾ ਤੇ ਅਮਰੀਕਾ ਵਸਦੇ ਭਾਰਤੀਆਂ ਦੀਆਂ ਮੁਸ਼ਕਿਲਾਂ ਸਾਂਝੀਆਂ ਸਨ ਅਤੇ ਸਾਂਝੇ ਉਦਮ ਨਾਲ ਹੀ ਹੱਲ ਹੋਣੀਆਂ ਸਨ। ਇਸ ਲਈ ਕੈਨੇਡਾ ਵਸਦੇ ਭਾਰਤੀਆਂ ਨੇ ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਲਈ ਅਮਰੀਕਾ ਤੋਂ ਬਾਬਾ ਜਵਾਲਾ ਸਿੰਘ ਠਠੀਆ ਨੂੰ ਕੈਨੇਡਾ ਆਉਣ ਦਾ ਸੱਦਾ ਦਿੱਤਾ। ਜਦ ਬਾਬਾ ਜਵਾਲਾ ਸਿੰਘ ਠਠੀਆ ਕੈਨੇਡਾ ਪਹੁੰਚੇ ਤਾਂ ਦੋਹਾਂ ਦੇਸ਼ਾਂ ਦੇ ਭਾਰਤੀ ਪ੍ਰਵਾਸੀਆਂ ਨੇ 22 ਫਰਵਰੀ 1913 ਨੂੰ ਫੈਸਲਾ ਕੀਤਾ ਕਿ ਕੈਨੇਡਾ ਤੋਂ ਬਲਵੰਤ ਸਿੰਘ ਖੁਰਦਪੁਰ ਤੇ ਨਰੈਣ ਸਿੰਘ ਠੀਕਰੀਵਾਲ (ਬਰਨਾਲਾ) ਅਤੇ ਅਮਰੀਕਾ ਤੋਂ ਨੰਦ ਸਿੰਘ ਸੀਹਰਾ ਦਾ ਡੈਪੂਟੇਸ਼ਨ ਪਹਿਲਾਂ ਇੰਗਲੈਂਡ ਤੇ ਉਸ ਤੋਂ ਅੱਗੇ ਹਿੰਦ ਸਰਕਾਰ ਨੂੰ ਮਿਲ ਕੇ ਆਪਣੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਉਣ ਤਾਂ ਕਿ ਸਭ ਮੁਸ਼ਕਿਲਾਂ ਦਾ ਹੱਲ ਲੱਭਿਆ ਜਾ ਸਕੇ। ਉਸ ਵੇਲੇ ਇਨ੍ਹਾਂ ਗ਼ਦਰੀ ਬਾਬਿਆਂ ਦੀ ਸੋਚ ਸਾਧਾਰਣ ਕਾਮਿਆਂ ਵਾਲੀ ਸੀ। ਉਹ ਅੰਗਰੇਜ਼ੀ ਸਰਕਾਰ ਨੂੰ ਆਪਣੀ ਸਰਕਾਰ ਸਮਝ ਕੇ ਭਲੇ ਦੀ ਆਸ ਰੱਖਦੇ ਸਨ।

ਭਾਰਤੀਆਂ ਦਾ ਇਹ ਤਿੰਨ ਮੈਂਬਰੀ ਵਫ਼ਦ 14 ਮਾਰਚ 1913 ਨੂੰ ਲੰਡਨ ਪਹੁੰਚਿਆ ਅੱਗੋਂ ਗੋਰਾ ਸਰਕਾਰ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਅੱਗੇ ਇਹ ਵਫ਼ਦ 6 ਜੁਲਾਈ 1913 ਨੂੰ ਲਾਹੌਰ ਪਹੁੰਚਿਆ। ਇਥੇ ਵੀ ਇਨ੍ਹਾਂ ਦੀ ਕੋਈ ਗੱਲ ਸੁਣੀ ਨਾ ਗਈ। ਇਹ ਵਫ਼ਦ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਮੀਟਿੰਗਾਂ ਕਰਕੇ ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਤੋਂ ਲੋਕਾਂ ਨੂੰ ਜਾਣੂ ਕਰਵਾ ਗਿਆ। ਵਫ਼ਦ ਵਾਇਸਰਾਏ ਲਾਰਡ ਹਾਰਡਿੰਗ ਨੂੰ ਵੀ ਮਿਲਿਆ ਪਰ ਹੱਥ ਪੱਲੇ ਕੁਝ ਨਾ ਪਿਆ। ਆਖਰ ਇਹ ਬਿਨਾਂ ਕਿਸੇ ਪ੍ਰਾਪਤੀ ਤੋਂ ਵਾਪਸ ਕੈਨੇਡਾ ਪਹੁੰਚ ਗਿਆ ਪਰ ਪੰਜਾਬ ਦੇ ਲੋਕਾਂ ਦੇ ਦਿਲਾਂ ਅੰਦਰ ਅੰਗਰੇਜ਼ ਸਰਕਾਰ ਵਿਰੁੱਧ ਜਵਾਲਾ ਭੜਕਾ ਗਿਆ।

ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਖਾਸ ਘਟਨਾ ਹੈ। ਇਸ ਜਹਾਜ਼ ਦੇ ਮੁਸਾਫਿਰ ਜਾਣ ਸਮੇਂ ਸਾਧਾਰਣ ਵਿਅਕਤੀ ਸਨ, ਜਿਨ੍ਹਾਂ ਦਾ ਗ਼ਦਰ ਪਾਰਟੀ ਨਾਲ ਕੋਈ ਸਬੰਧ ਨਹੀਂ ਸੀ ਤੇ ਨਾ ਹੀ ਇਸ ਜਹਾਜ਼ ਦੇ ਠੇਕੇਦਾਰ ਬਾਬਾ ਗੁਰਦਿੱਤ ਸਿੰਘ ਦਾ। ਜਹਾਜ਼ ਦੀ ਵਾਪਸੀ ਸਮੇਂ ਤੱਕ ਸਭ ਦੇਸ਼ ਭਗਤ ਬਣ ਗਏ ਸਨ। ਜਹਾਜ਼ ਦੀ ਇਸ ਘਟਨਾ ਨੇ ਦੇਸ਼ ਭਗਤੀ ਦੀ ਬਲਦੀ ਅੱਗ 'ਤੇ ਤੇਲ ਦਾ ਕੰਮ ਕੀਤਾ।

ਕੈਨੇਡਾ ਦੀ ਧਰਤੀ 'ਤੇ ਰੋਜ਼ੀ ਕਮਾਉਣ ਜਾ ਰਹੇ ਪੰਜਾਬੀ ਹਾਂਗਕਾਂਗ ਰੁਕੇ ਬੈਠੇ ਸਨ। ਇਨ੍ਹਾਂ ਸਭ ਮੁਸਾਫਿਰਾਂ ਦਾ ਟਿਕਾਣਾ ਹਾਂਗਕਾਂਗ ਦੇ ਗੁਰਦੁਆਰੇ ਵਿਚ ਸੀ। ਹਿੰਦ ਤੋਂ ਕੋਈ ਵੀ ਜਹਾਜ਼ ਸਿੱਧਾ ਕੈਨੇਡਾ ਨਹੀਂ ਸੀ ਜਾ ਰਿਹਾ। ਇਸ ਤਰ੍ਹਾਂ ਹਾਂਗਕਾਂਗ ਦਾ ਟਿਕਾਣਾ ਉਹਨਾਂ ਲਈ ਜ਼ਰੂਰੀ ਬਣ ਗਿਆ ਸੀ। ਹਾਂਗਕਾਂਗ ਦੀ ਗੁਰਦੁਆਰਾ ਕਮੇਟੀ ਦਾ ਟਿਕਾਣਾ ਉਹਨਾਂ ਲਈ ਜ਼ਰੂਰੀ ਬਣ ਗਿਆ ਸੀ। ਹਾਂਗਕਾਂਗ ਦੀ ਗੁਰਦੁਆਰਾ ਕਮੇਟੀ ਹੀ ਸਭ ਮੁਸ਼ਕਿਲਾਂ ਦਾ ਹੱਲ ਕਰਦੀ ਸੀ। ਗੁਰਦੁਆਰਾ ਕਮੇਟੀ ਨੇ ਦਸੰਬਰ 1913 ਨੂੰ ਇਕੱਤਰਤਾ ਕਰਕੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ ਜਹਾਜ਼ ਦਾ ਪ੍ਰਬੰਧ ਕਰਨ ਲਈ ਬੇਨਤੀ ਕੀਤੀ, ਜੋ ਮਲਾਇਆ ਵਿਚ ਰਹਿਣ ਵਾਲਾ ਸ਼ਾਹੂਕਾਰ ਸੀ। ਉਸ ਨੇ 11000 ਡਾਲਰ ਪ੍ਰਤੀ ਮਹੀਨਾ ਦੇ ਹਿਸਾਬ ਛੇ ਮਹੀਨੇ ਲਈ ਜਾਪਾਨ ਦੀ ਕੰਪਨੀ ਤੋਂ 'ਕਾਮਾਗਾਟਾ ਮਾਰੂ' ਨਾਂਅ ਦਾ ਜਹਾਜ਼ ਕਿਰਾਏ 'ਤੇ ਲੈ ਲਿਆ। ਬਾਬਾ ਗੁਰਦਿੱਤ ਸਿੰਘ ਇਸ ਜਹਾਜ਼ ਨੂੰ ਕਲਕੱਤੇ ਤੋਂ ਤੋਰਨਾ ਚਾਹੁੰਦਾ ਸੀ, ਕਿਉਂਕਿ ਕੈਨੇਡਾ ਸਰਕਾਰ ਦੀ ਇਹ ਸ਼ਰਤ ਰੱਖੀ ਹੋਈ ਸੀ ਕਿ ਉਹ ਮੁਸਾਫ਼ਰ ਹੀ ਕੈਨੇਡਾ ਉਤਰ ਸਕੇਗਾ ਜੋ ਸਿੱਧਾ ਹਿੰਦ ਤੋਂ ਕੈਨੇਡਾ ਆਵੇਗਾ। ਕੈਨੇਡਾ ਸਰਕਾਰ ਨੇ 9 ਮਈ 1910 ਨੂੰ ਇਕ ਫਰਮਾਨ ਜਾਰੀ ਕਰ ਦਿੱਤਾ ਸੀ, ਜਿਸ ਅਨੁਸਾਰ ਕੈਨੇਡਾ ਉਹ ਭਾਰਤੀ ਹੀ ਪਹੁੰਚ ਸਕਦਾ ਹੈ ਜੋ ਹਿੰਦ ਤੋਂ ਸਿੱਧਾ ਕੈਨੇਡਾ ਨੂੰ ਚੱਲੇ ਜਹਾਜ਼ ਵਿਚ ਆਵੇਗਾ ਜਾਂ ਉਸ ਦੀ ਟਿਕਟ ਸਿੱਧੀ ਹਿੰਦ ਤੋਂ ਕੈਨੇਡਾ ਦੀ ਖਰੀਦੀ ਹੋਵੇ ਤੇ ਕੈਨੇਡਾ ਉਤਰਨ ਸਮੇਂ ਉਸ ਪਾਸ 200 ਡਾਲਰ ਹੋਣਗੇ। ਇਹ ਤਾਂ ਪੰਜਾਬੀ ਅਖਾਣ ਦੀ ਉਹ ਗੱਲ ਸੀ, ਨਾ ਨੌਂ ਮਣ ਤੇਲ ਹੋਵੇ ਤੇ ਨਾ ਰਾਧਾ ਨੱਚੇ। ਉਸ ਸਮੇਂ ਪੰਜਾਬ ਤੋਂ ਚੱਲੇ ਮੁਸਾਫ਼ਰਾਂ ਕੋਲ 200 ਡਾਲਰ ਦਾ ਹੋਣਾ ਵੀ ਅਸੰਭਵ ਸੀ ਤੇ ਨਾ ਹੀ ਕਿਸੇ ਜਹਾਜ਼ ਦੀ ਸਿੱਧੀ ਹਿੰਦ ਤੋਂ ਕੈਨੇਡਾ ਜਾਣ ਦੀ ਵਿਵਸਥਾ ਸੀ। ਕੈਨੇਡਾ ਸਰਕਾਰ ਦੀ ਸ਼ਰਤ ਪੂਰੀ ਕਰਨ ਲਈ ਬਾਬਾ ਗੁਰਦਿੱਤ ਸਿੰਘ ਕਲਕੱਤਾ ਪਹੁੰਚੇ ਪਰ ਇਥੇ ਅੰਗਰੇਜ਼ ਸਰਕਾਰ ਨੇ ਬੁਕਿੰਗ ਨਾ ਹੋਣ ਦਿੱਤੀ। ਹਾਂਗਕਾਂਗ ਗੁਰਦੁਆਰਾ ਕਮੇਟੀਨੇ 29 ਜਨਵਰੀ 1914 ਨੂੰ ਬਾਬਾ ਗੁਰਦਿੱਤ ਸਿੰਘ ਨੂੰ ਹਾਂਗਕਾਂਗ ਪਹੁੰਚਣ ਲਈ ਤਾਰ ਦਿੱਤੀ। ਤਾਰ ਮਿਲਦਿਆਂ ਹੀ ਬਾਬਾ ਜੀ ਹਾਂਗਕਾਂਗ ਪਹੁੰਚ ਗਏ।

4 ਅਪ੍ਰੈਲ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਹਾਂਗਕਾਂਗ ਤੋਂ ਕੈਨੇਡਾ ਨੂੰ ਤੁਰ ਪਿਆ। ਉਸ ਸਮੇਂ ਜਹਾਜ਼ ਵਿਚ ਕੇਵਲ 165 ਮੁਸਾਫਿਰ ਸਨ। ਰਸਤੇ ਵਿਚ ਹੋਰ ਮੁਸਾਫਿਰ ਮਿਲਦੇ ਗਏ ਤੇ ਵਿਕਟੋਰੀਆ ਪਹੁੰਚਣ ਤੱਕ ਮੁਸਾਫਿਰਾਂ ਦੀ ਗਿਣਤੀ 376 ਹੋ ਗਈ। ਕਈ ਥਾਂ ਇਹਨਾਂ ਦੀ ਗਿਣਤੀ 374 ਮਿਲਦੀ ਹੈ ਤੇ ਵਿਕਟੋਰੀਆ ਪਹੁੰਚਣ ਦੀ ਤਾਰੀਖ ਵਿਚ 22 ਮਈ ਤੇ 26 ਮਈ ਦਾ ਵਖਰੇਵਾਂ ਮਿਲਦਾ ਹੈ। 23 ਮਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੋਵਰ ਦੀ ਬੰਦਰਗਾਹ ਪਹੁੰਚ ਗਿਆ। ਕੈਨੇਡਾ ਸਰਕਾਰ ਨੇ ਪਹਿਲਾਂ ਹੀ ਮੁਸਾਫਿਰਾਂ ਨੂੰ ਨਾ ਉਤਾਰ ਦੇਣ ਦੀ ਧਾਰ ਰੱਖੀ ਸੀ। ਜਹਾਜ਼ ਨੂੰ ਬੰਦਰਗਾਹ ਦੇ ਕੰਢੇ 'ਤੇ ਨਾ ਲੱਗਣ ਦਿੱਤਾ।

ਸਮੁੰਦਰ ਵਿਚ ਖੜ੍ਹੇ ਜਹਾਜ਼ ਦੁਆਲੇ ਪੁਲਿਸ ਦਾ ਪਹਿਰਾ ਲਾ ਦਿੱਤਾ ਗਿਆ। ਖਾਣ ਪੀਣ ਲਈ ਬਾਹਰੋਂ ਚੀਜ਼ਾਂ ਮੰਗਵਾਉਣ ਤੇ ਰੋਕਾਂ ਲਾ ਦਿੱਤੀਆਂ ਗਈਆਂ। ਇਸ ਮੌਕੇ ਕੈਨੇਡਾ ਵਸਦੇ ਪੰਜਾਬੀ ਜੋ ਗ਼ਦਰ ਪਾਰਟੀ ਦੇ ਮੈਂਬਰ ਸਨ, ਮਦਦ ਲਈ ਮੈਦਾਨ ਵਿਚ ਨਿੱਤਰ ਪਏ। ਮੁਸਾਫਿਰਾਂ ਦੀ ਮਦਦ ਲਈ ਕਮੇਟੀ ਬਣਾਈ ਗਈ ਜਿਸ ਦੇ ਮੈਂਬਰ ਸਨ ਹਸਨ ਰਹੀਮ, ਭਾਗ ਸਿੰਘ, ਬਲਵੰਤ ਸਿੰਘ, ਸੋਹਣ ਲਾਲ ਪਾਠਕ ਤੇ ਹਰਨਾਮ ਸਿੰਘ ਸਾਹਰੀ। ਮੁਸਾਫਿਰਾਂ ਨੂੰ ਨਾ ਉਤਾਰਨ ਲਈ ਜੋ ਅੜਿੱਕੇ ਕੈਨੇਡਾ ਸਰਕਾਰ ਡਾਹ ਰਹੀ ਸੀ, ਇਹ ਅੜਿੱਕੇ ਇਸ ਤੋਂ ਪਹਿਲਾਂ ਆਏ 39 ਮੁਸਾਫਿਰਾਂ ਦੇ ਸਮੇਂ ਵੀ ਖੜ੍ਹੇ ਕੀਤੇ ਸਨ, ਜਿਨ੍ਹਾਂ ਨੂੰ ਭਾਰਤੀਆਂ ਨੇ ਅਦਾਲਤ ਰਾਹੀਂ ਹੱਲ ਕਰ ਲਿਆ ਸੀ। ਇਸ ਲਈ ਮਦਦ ਲਈ ਬਣੀ ਕਮੇਟੀ ਨੂੰ ਅਦਾਲਤ ਵਿਚ ਅਪੀਲ ਕਰ ਦਿੱਤੀ।

ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਆਪਣੇ ਪਾਣੀਆਂ 'ਚੋਂ ਬਾਹਰ ਜਾਣ ਦਾ ਹੁਕਮ ਦੇ ਦਿੱਤਾ। ਜਦ ਮੁਸਾਫਿਰ ਨਾ ਮੰਨੇ ਤਾਂ ਸਰਕਾਰ ਨੇ ਆਪਣੇ 'ਸੀਆਲਾਇਅਨ' ਨਾਮੀ ਜਹਾਜ਼ ਨਾਲ ਬੰਨ੍ਹ ਕੇ ਬਾਹਰ ਕੱਢਣ

ਦਾ ਯਤਨ ਕੀਤਾ। ਮੁਸਾਫਿਰ ਮੁਕਾਬਲੇ ਲਈ ਡਟ ਗਏ। ਉਹਨਾਂ ਨੇ ਕੋਲਾ, ਇੱਟਾਂ ਤੇ ਲੋਹੇ ਦੀਆਂ ਸੀਖਾਂ ਨਾਲ ਮੁਕਾਬਲਾ ਕੀਤਾ। ਇਸ ਮੁਕਾਬਲੇ ਵਿਚ 20 ਕੈਨੇਡੀਅਨ ਸਿਪਾਹੀ ਤੇ ਚਾਰ ਮੁਸਾਫਿਰ ਜ਼ਖ਼ਮੀ ਹੋ ਗਏ। ਜਦ ਸਰਕਾਰ ਇਸ ਧੋਖੇ ਵਿਚ ਕਾਮਯਾਬ ਨਾ ਹੋਈ ਤਾਂ ਉਸ ਨੇ 'ਰੇਨਰੋ' ਨਾਂਅ ਦੇ ਵੱਡੇ ਜੰਗੀ ਜਹਾਜ਼ ਨੂੰ ਕਾਮਾਗਾਟਾ ਮਾਰੂ ਜਹਾਜ਼ ਦੇ ਨੇੜੇ ਖੜ੍ਹਾ ਕਰ ਦਿੱਤਾ।

ਲਿਖੇ ਇਕਰਾਰਨਾਮੇ ਮੁਤਾਬਕ ਜਹਾਜ਼ ਦੇ ਮਾਲਕ 22000 ਡਾਲਰ ਦੀ ਕਿਸ਼ਤ ਮੰਗ ਰਹੇ ਸਨ। ਇਸ ਕਿਸ਼ਤ ਤੇ ਹੋਰ ਮਦਦ ਲਈ 31 ਮਈ 1914 ਨੂੰ ਵੈਨਕੋਵਰ ਦੇ ਗੁਰਦੁਆਰੇ ਅੰਦਰ 700 ਭਾਰਤੀਆਂ ਦੀ ਮੀਟਿੰਗ ਹੋਈ। ਬਾਬਾ ਬਲਵੰਤ ਸਿੰਘ ਤੇ ਹਸਨ ਰਹੀਮ ਦੀ ਅਪੀਲ ਤੇ 60000 ਡਾਲਰ ਇਕੱਠੇ ਹੋ ਗਏ। ਇਸ ਮੌਕੇ 15 ਮੈਂਬਰੀ ਕਾਮਾਗਾਟਾ ਮਾਰੂ ਸਹਾਇਤਾ ਕਮੇਟੀ ਬਣਾਈ ਗਈ। ਇਸ ਕਮੇਟੀ ਨੇ 22000 ਡਾਲਰ ਦੀ ਕਿਸ਼ਤ ਉਤਾਰ ਦਿੱਤੀ ਤੇ ਜਹਾਜ਼ ਦਾ ਪਟਾ ਭਾਗ ਸਿੰਘ ਭਿੱਖੀਵਿੰਡ ਤੇ ਹਸਨ ਰਹੀਮ ਦੇ ਨਾਂਅ ਲਿਖਵਾ ਲਿਆ। ਇਹ ਇਕ ਕਾਨੂੰਨੀ ਨੁਕਤਾ ਸੀ ਜਿਸ ਨਾਲ ਮੁਸਾਫਿਰਾਂ ਨੂੰ ਉਤਾਰਨ ਲਈ ਰਾਹ ਪੱਧਰਾ ਹੋਣ ਦੀ ਸੰਭਾਵਨਾ ਸੀ। ਸਰਕਾਰ ਨੇ ਇਹ ਕੋਸ਼ਿਸ਼ ਵੀ ਅਸਫ਼ਲ ਕਰ ਦਿੱਤੀ।


ਸਰਕਾਰ ਦੇ ਇਸ ਧੱਕੇ ਵਿਰੁੱਧ ਕੈਨੇਡਾ, ਅਮਰੀਕਾ ਦੇ ਸਭ ਗੁਰਦੁਆਰਿਆਂ ਅੰਦਰ ਭਾਰਤੀ ਲੋਕ ਇਕੱਠੇ ਹੁੰਦੇ ਤੇ ਸਰਕਾਰ ਵਿਰੁੱਧ ਪ੍ਰਚਾਰ ਕਰਦੇ। ਗ਼ਦਰ ਅਖ਼ਬਾਰ ਨੇ ਆਪਣਾ ਵਿਸ਼ੇਸ਼ ਕੱਢ ਕੇ ਪ੍ਰਵਾਸੀਆਂ ਨੂੰ ਜਾਗਰੂਤ ਕੀਤਾ। ਸਹਾਇਕ ਕਮੇਟੀ ਨੇ ਹਿੰਦ ਸਰਕਾਰ ਤੇ ਉਸ ਮੌਕੇ ਦੇ ਲੋਕ ਰਹਿਬਰਾਂ ਨੂੰ ਤਾਰਾਂ ਘੱਲੀਆਂ। ਪਹੁੰਚੀਆਂ ਤਾਰਾਂ ਦੇ ਅਮਲ ਵਿਚ ਹਿੰਦੁਸਤਾਨ ਅੰਦਰ ਵੀ ਗੁੱਸੇ ਦੀ ਅੱਗ ਭੜਕ ਉਠੀ। ਕੈਨੇਡਾ ਦੀ ਅਦਾਲਤ ਵਿਚ ਕੀਤਾ ਮੁਕੱਦਮਾ ਵੀ ਪ੍ਰਵਾਸੀ ਭਾਰਤੀ 17 ਜੁਲਾਈ 1914 ਨੂੰ ਹਾਰ ਗਏ ਪਰ ਮਜਬੂਰੀ ਕਾਰਨ ਸਰਕਾਰ ਵਾਪਸੀ ਮੌਕੇ ਜਹਾਜ਼ ਦੇ ਮੁਸਾਫਿਰਾਂ ਨੂੰ ਰਾਸ਼ਨ ਦੇਣਾ ਮੰਨ ਗਈ।

ਜਹਾਜ਼ ਦੇ ਮੁਸਾਫਿਰ ਕਿਸੇ ਹਾਲਤ ਵੀ ਵਾਪਸ ਆਉਣ ਨੂੰ ਤਿਆਰ ਨਹੀਂ ਸਨ। 16 ਜੁਲਾਈ 1914 ਨੂੰ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਚਲੇ ਜਾਣ ਦਾ ਹੁਕਮ ਦਿੱਤਾ ਪਰ ਜਹਾਜ਼ ਨਾ 17 ਜੁਲਾਈ ਤੇ ਨਾ ਹੀ 18 ਜੁਲਾਈ ਨੂੰ ਤੁਰਿਆ। ਵੈਨਕੋਵਰ, ਉਟਾਵਾ, ਲੰਡਨ ਤੇ ਦਿੱਲੀ ਵਿਚਕਾਰ ਤਾਰਾਂ ਖੜਕ ਗਈਆਂ। 19 ਜੁਲਾਈ ਨੂੰ ਕੈਨੇਡਾ ਦੀ ਪੁਲਿਸ ਨੇ ਕਾਮਾਗਾਟਾ ਮਾਰੂ ਜਹਾਜ਼ ਨੂੰ ਆਪਣੇ ਕਪਤਾਨ ਰਾਹੀਂ ਤੋਰਨ ਲਈ ਹਮਲਾ ਕੀਤਾ। ਇਕ 'ਸੀਲਾਇਨ' ਜਹਾਜ਼ ਕਾਮਾਗਾਟਾ ਮਾਰੂ ਦੇ ਨਾਲ ਖੜ੍ਹਾ ਕਰਕੇ ਜਦ ਲਾਸ਼ਾਂ (ਰੱਸੇ) ਨੂੰ ਮੁਸਾਫਿਰਾਂ ਦੇ ਜਹਾਜ਼ ਨਾਲ ਫਸਾ ਕੇ ਆਪਣੇ ਜਹਾਜ਼ ਨਾਲ ਜੋੜ ਕੇ ਕਾਮਾਗਾਟਾ ਮਾਰੂ ਜਹਾਜ਼ ਉਪਰ ਚੜ੍ਹਨ ਲੱਗੇ ਤਾਂ ਮੁਸਾਫਿਰਾਂ ਨੇ ਲਾਸ਼ਾਂ ਕੱਟ ਦਿੱਤੀਆਂ। ਮੁਸਾਫਿਰ ਆਪਣੀਆਂ ਜਾਨਾਂ ਨੂੰ ਤਲੀਆਂ ਉਪਰ ਟਿਕਾਈ ਬੈਠੇ ਸਨ। ਕੈਨੇਡਾ ਪੁਲਿਸ ਨੇ ਇਹਨਾਂ ਉਪਰ ਗਰਮ ਭਾਫ਼ ਦਾ ਹਮਲਾ ਕਰ ਦਿੱਤਾ। ਮੁਸਾਫਿਰ ਗਰਮ ਭਾਫ਼ ਤੋਂ ਡਰਦੇ ਪਿਛੇ ਹਟ ਜਾਂਦੇ, ਜਦ ਸਿਪਾਹੀ ਪੌੜੀ ਚੜ੍ਹਨ ਦਾ ਯਤਨ ਕਰਦੇ ਤਾਂ ਹਮਲਾ ਕਰ ਦਿੰਦੇ, ਸਿਪਾਹੀਆਂ ਦੇ ਸੱਟਾਂ ਮਾਰ ਫੇਰ ਪਿਛੇ ਹਟ ਜਾਂਦੇ। ਕਿਉਂਕਿ ਹਮਲਾਵਰ ਜਹਾਜ਼ ਕਾਮਾਗਾਟਾ ਮਾਰੂ ਤੋਂ ਬਹੁਤ ਨੀਵਾਂ ਸੀ। ਇਸ ਲੜਾਈ ਵਿਚ ਮੁਸਾਫਿਰਾਂ ਨੇ ਕੋਲਾ, ਇਕੱਟਾਂ, ਸੀਖਾਂ ਅਤੇ ਕੁਹਾੜੀਆਂ ਨੂੰ ਹੀ ਆਪਣਾ ਹਥਿਆਰ ਬਣਾ ਲਿਆ ਸੀ। ਕੈਨੇਡਾ ਦੇ ਸਿਪਾਹੀ ਸੱਟਾਂ ਖਾਹ ਕੇ ਹਾਰ ਗਏ। ਜਦ ਇਹ ਯੁੱਧ ਚਲ ਰਿਹਾ ਸੀ ਤਾਂ ਕੈਨੇਡਾ ਵਸਦੇ ਭਾਰਤੀਆਂ ਦਾ ਰੋਹ ਵੀ ਸਿਖਰਾਂ 'ਤੇ ਸੀ। ਵੈਨਕੋਵਰ ਸ਼ਹਿਰ ਨੂੰ ਅੱਗ ਲਾਉਣ ਦੀ ਧਾਰ ਲਈ ਸੀ।

ਇਸ ਮੌਕੇ ਹਿੰਦ ਸਰਕਾਰ ਵੀ ਮੁਸਾਫ਼ਿਰਾਂ ਦੀ ਹਿੰਡ ਤੋਂ ਡਰ ਗਈ ਸੀ। ਅੰਗਰੇਜ਼ੀ ਸਰਕਾਰ ਨੂੰ ਪਹਿਲੇ ਮਹਾਂ ਯੁੱਧ ਦੀਆਂ ਤਿਆਰੀਆਂ ਦਾ ਪਤਾ ਸੀ। ਪਹਿਲੀਆਂ ਜੰਗਾਂ ਦੀ ਤਰ੍ਹਾਂ ਇਹ ਜੰਗ ਵੀ ਪੰਜਾਬੀ ਫੌਜੀਆਂ ਦੇ ਸਿਰ 'ਤੇ ਲੜੀ ਜਾਣੀ ਸੀ। ਜੇਕਰ ਕੈਨੇਡਾ ਸਰਕਾਰ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਿਰਾਂ ਦਾ ਜਾਨੀ ਨੁਕਸਾਨ ਕਰਦੀ ਸੀ ਤਾਂ ਪੰਜਾਬ ਵਿਚ ਅੱਗ ਮੱਚ ਜਾਣੀ ਸੀ, ਜਿਸ ਕਾਰਨ ਅੰਗਰੇਜ਼ੀ ਸਰਕਾਰ ਨੇ ਪਹਿਲੀ ਜੰਗ ਲੱਗਣ ਤੋਂ ਪਹਿਲਾਂ ਹੀ ਹਾਰ ਜਾਣਾ ਸੀ। ਇਸ ਲਈ ਹਿੰਦ ਸਰਕਾਰ ਨੇ ਕੈਨੇਡਾ ਸਰਕਾਰ ਨੂੰ ਕਿਸੇ ਵੱਡੇ ਨੁਕਸਾਨ ਕਰਨ ਤੋਂ ਰੋਕਣ ਲਈ ਆਖਿਆ। ਮੁਸਾਫ਼ਿਰਾਂ ਲਈ ਬਣੀ ਸਹਾਇਕ ਕਮੇਟੀ ਨੇ ਵੀ ਪਿਛੇ ਹਟਣਾ ਮੁਨਾਸਬ ਸਮਝਿਆ ਤੇ ਗੁੱਸੇ ਨੂੰ ਸੰਭਾਲ ਕੇ ਰੱਖਣ ਦੀ ਸੋਚੀ। ਕੈਨੇਡਾ ਸਰਕਾਰ ਵੀ ਸਮਝੌਤੇ 'ਤੇ ਉਤਰ ਆਈ। ਆਗੂ ਤਾਰਾ ਸਿੰਘ ਤੇ ਹਸਨ ਰਹੀਮ ਨੂੰ ਜਹਾਜ਼ ਉਤੇ ਲਿਜਾ ਕੇ ਬਾਬਾ ਗੁਰਦਿੱਤ ਸਿੰਘ ਨਾਲ ਮੁਲਾਕਾਤ ਕਰਵਾਈ। ਆਗੂਆਂ ਨੇ ਜੋ ਆਪਣੀਆਂ ਰੱਖੀਆਂ ਮੰਨ ਲਈਆਂ ਗਈਆਂ। 22 ਜੁਲਾਈ ਨੂੰ ਕੈਨੇਡਾ ਵਸਦੇ ਭਾਰਤੀ 15, 15 ਦੀ ਟੋਲੀ ਵਿਚ ਜਾ ਕੇ ਮੁਸਾਫ਼ਿਰਾਂ ਨੂੰ ਮਿਲੇ। ਦੋ ਮਹੀਨੇ ਦੇ ਇਸ ਭੈੜੇ ਸਮੇਂ ਤੋਂ ਬਾਅਦ 23 ਜੁਲਾਈ 1914 ਨੂੰ ਸਵੇਰੇ 5 ਵਜੇ ਕਾਮਾਗਾਟਾ ਮਾਰੂ ਜਹਾਜ਼ ਵੈਨਕੋਵਰ ਤੋਂ ਹਿੰਦ ਨੂੰ ਵਾਪਸ ਮੁੜ ਪਿਆ।

ਕਾਮਾਗਾਟਾ ਮਾਰੂ ਜਹਾਜ਼ 16 ਅਗਸਤ 1914 ਨੂੰ ਯੋਕੋਹਾਮਾ ਪਹੁੰਚ ਗਿਆ। ਜਿਥੇ ਕੁਝ ਮੁਸਾਫ਼ਿਰ ਜਹਾਜ਼ ਤੋਂ ਉਤਰ ਗਏ। ਇਥੇ ਮੁਸਾਫ਼ਿਰਾਂ ਦਾ ਗ਼ਦਰ ਪਾਰਟੀ ਨਾਲ ਸਿੱਧਾ ਸਬੰਧ ਜੁੜ ਗਿਆ। ਬਾਬਾ ਸੋਹਣ ਸਿੰਘ ਭਕਨਾ ਆਪ ਜਹਾਜ਼ ਦੇ ਮੁਸਾਫ਼ਿਰਾਂ ਦੀ ਬਣੀ ਕਮੇਟੀ ਨੂੰ ਆ ਕੇ ਮਿਲੇ। ਕਮੇਟੀ ਮੈਂਬਰਾਂ ਦੇ ਨਾਂਅ ਸਨ, ਦਾਨ ਸਿੰਘ ਪਿਤਾ ਨੱਥਾ ਸਿੰਘ ਪਿੰਡ ਅੱਚਰਵਾਲ, ਤਹਿਸੀਲ ਰਾਏਕੋਟ (ਲੁਧਿਆਣਾ), ਸੁੰਦਰ ਸਿੰਘ ਪਿਤਾ ਖ਼ੁਸ਼ਹਾਲੀ ਸੰਘ ਪਿੰਡ ਚੀਮਾ (ਲੁਧਿਆਣਾ), ਸੰਤ ਸਿੰਘ ਪਿਤਾ ਬਦਨ ਸਿੰਘ ਪਿੰਡ ਕਾਲੇਕੇ (ਬਰਨਾਲਾ), ਭਗਵਾਨ ਸਿੰਘ ਪਿਤਾ ਅੱਤਰ ਸਿੰਘ ਪਿੰਡ ਪੂਸੇ (ਅੰਮ੍ਰਿਤਸਰ), ਦਿਆਲ ਸਿੰਘ ਪਿਤਾ ਬਦਨ ਸਿੰਘ ਪਿੰਡ ਸਦੇਰੀ (ਰਿਆਸਤ ਪਟਿਆਲਾ)। ਜਹਾਜ਼ ਵਿਚ ਗ਼ਦਰ ਪਾਰਟੀ ਵਲੋਂ ਲਿਆਂਦੇ ਦੋ ਸੌ ਪਿਸਤੌਲ ਤੇ ਦੋ ਹਜ਼ਾਰ ਰੌਂਦਾਂ ਦੀਆਂ ਪੇਟੀਆਂ ਪਹੁੰਚਦੀਆਂ ਕੀਤੀਆਂ। ਜਹਾਜ਼ 18 ਅਗਸਤ ਨੂੰ ਚਲ ਕੇ 21 ਅਗਸਤ ਨੂੰ ਕੋਬੀ ਪਹੁੰਚ ਗਿਆ। ਇਥੋਂ ਦੀ ਗ਼ਦਰ ਪਾਰਟੀ ਨੇ ਮੁਸਾਫ਼ਿਰਾਂ ਦੇ ਜਲੂਸ ਰਾਹੀਂ ਮੁਜ਼ਾਹਰਾ ਕਰਕੇ ਅੰਗਰੇਜ਼ ਸਰਕਾਰ ਵਿਰੁੱਧ ਪ੍ਰਚਾਰ ਕੀਤਾ।

ਜਹਾਜ਼ 2 ਸਤੰਬਰ ਨੂੰ ਕੋਬੀ ਤੋਂ ਚੱਲਿਆ। ਰਸਤੇ ਵਿਚ ਹੁੰਦੇ ਭੈੜੇ ਵਰਤਾਓ ਤੋਂ ਮੁਸਾਫ਼ਿਰ ਸਮਝ ਗਏ ਸਨ ਕਿ ਆਪਣੇ ਦੇਸ਼ ਪਹੁੰਚਦਿਆਂ ਸਰਕਾਰ ਸਾਡੇ ਨਾਲ ਭੈੜਾ ਵਰਤਾਅ ਕਰੇਗੀ। ਹੁਗਲੀ ਆ ਕੇ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਦਿੱਤੇ ਹਥਿਆਰਾਂ ਦੇ ਦੋਵੇਂ ਬਕਸੇ ਸਮੁੰਦਰ ਵਿਚ ਸੁੱਟ ਦਿੱਤੇ। 29 ਦਸੰਬਰ 1914 ਨੂੰ ਜਹਾਜ਼ ਬਜ ਬਜ ਘਾਟ ਪਹੁੰਚ ਗਿਆ। ਜਹਾਜ਼ ਉਪਰ ਦੋ ਬੱਚਿਆਂ ਸਮੇਤ 321 ਮੁਸਾਫਿਰ ਸਨ। ਮੁਸਾਫ਼ਿਰਾਂ ਨੂੰ ਉਤਾਰ ਕੇ ਸਟੇਸ਼ਨ 'ਤੇ ਖੜ੍ਹੀ ਗੱਡੀ ਵਿਚ ਚੜ੍ਹਨ ਦਾ ਹੁਕਮ ਦਿੱਤਾ। ਮੁਸਾਫ਼ਿਰਾਂ ਨੇ ਜਵਾਬ ਦੇ ਕੇ ਕਲਕੱਤੇ ਜਾਣ ਦੀ ਖਾਹਸ ਦੱਸੀ। ਅੰਗਰੇਜ਼ ਪੁਲਿਸ ਨੇ ਰੋਹਬ ਨਾਲ ਗੱਡੀ ਚੜ੍ਹਨ ਦਾ ਹੁਕਮ ਦਿੱਤਾ। ਝਿਜਕ ਕੇ 59 ਮੁਸਾਫ਼ਿਰ



ਗੱਡੀ ਚੜ੍ਹਨ ਲਈ ਸਟੇਸ਼ਨ ਵੱਲ ਹੋ ਤੁਰੇ ਤੇ ਬਾਕੀ ਕਲਕੱਤੇ ਵੱਲ ਹੋ ਤੁਰੇ। ਰਸਤੇ ਵਿਚ ਬੰਗਾਲ ਸਰਕਾਰ ਦਾ ਮੁੱਖ ਸਕੱਤਰ ਕਿਊਮਿੰਗ ਮਿਲਿਆ। ਉਸ ਨੇ ਮੁਸਾਫ਼ਿਰਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਮੁੜ ਬਜ ਬਜ ਘਾਟ ਮੁੜਨ ਦੀ ਸ਼ਰਤ ਲਾ ਦਿੱਤੀ। ਮੁਸਾਫ਼ਿਰ ਮੁੜ ਪਏ। ਰਸਤੇ ਵਿਚ ਮੁਸਾਫ਼ਿਰਾਂ ਨੂੰ ਪਾਣੀ ਵੀ ਪੀਣ ਨਾ ਦਿੱਤਾ। ਤੁਰਦੇ ਮੁਸਾਫ਼ਿਰਾਂ ਨੂੰ ਪੁਲਿਸ ਨੇ ਹੁੱਝਾਂ ਵੀ ਮਾਰੀਆਂ ਤੇ ਗਾਲੀ ਗਲੋਚ ਵੀ ਕੀਤਾ।

ਬਜ ਬਜ ਘਾਟ ਵਾਪਸ ਪਹੁੰਚਣ ਤੱਕ ਸ਼ਾਮ ਹੋ ਚੁੱਕੀ ਸੀ। ਮੁਸਾਫ਼ਿਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਰਹਿਰਾਸ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਜਦ ਅਰਦਾਸ ਹੋ ਰਹੀ ਸੀ ਤਾਂ ਪੁਲਿਸ ਇਕ ਬੱਚੇ ਨੂੰ ਚੁੱਕ ਕੇ ਭੱਜ ਗਈ ਪਰ ਬੱਚਾ ਭੱਜ ਕੇ ਵਾਪਸ ਆ ਗਿਆ। ਹੋ ਰਹੀ ਅਰਦਾਸ ਸਮੇਂ ਬਾਬਾ ਗੁਰਦਿੱਤ ਸਿੰਘ ਵਿਚਕਾਰ ਖੜ੍ਹਾ ਸੀ, ਪੁਲਿਸ ਨੇ ਅਰਦਾਸ ਵਿਚ ਵਿਘਨ ਪਾ ਕੇ ਬਾਬਾ ਗੁਰਦਿੱਤ ਸਿੰਘ ਨੂੰ ਡੰਡੇ ਨਾਲ ਤੋਰਨ ਦੀ ਕੋਸ਼ਿਸ਼ ਕੀਤੀ। ਇਕ ਮੁਸਾਫ਼ਿਰ ਨੇ ਪੁਲਿਸ ਅਫ਼ਸਰ ਦਾ ਡੰਡਾ ਖੋਹ ਲਿਆ ਤਾਂ ਉਸ ਨੇ ਆਪਣਾ ਪਿਸਤੌਲ ਕੱਢਿਆ ਤੇ ਗੋਲੀ ਚਲਾ ਦਿੱਤਾ। ਮੁਸਾਫ਼ਿਰ ਮੁਨਸ਼ਾ ਸਿੰਘ ਨੇ ਉਸ ਤੋਂ ਪਿਸਤੌਲ ਖੋਹ ਲਿਆ ਤੇ ਜਾਨੋਂ ਮਾਰ ਦਿੱਤਾ। ਦੂਸਰੀ ਪੁਲਿਸ ਵੀ ਨੇੜੇ ਆ ਗਈ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮੁਸਾਫ਼ਿਰ ਪੁਲਿਸ ਦੀਆਂ ਗੋਲੀਆਂ ਤੋਂ ਡਰਦੇ ਭੱਜੇ ਨਹੀਂ, ਸਗੋਂ ਜੋ ਵੀ ਹੱਥ ਲੱਗਿਆ ਉਸ ਨਾਲ ਮੁਕਾਬਲਾ ਕੀਤਾ। ਤਿੰਨ ਹਮਲਿਆਂ ਤੋਂ ਬਾਅਦ, ਮੁਸਾਫ਼ਿਰ ਦੁਕਾਨਾਂ ਅੰਦਰ ਜਾ ਲੁਕੇ।

ਬਜ ਬਜ ਘਾਟ 'ਤੇ ਚਲੀ ਗੋਲੀ ਦੀਆਂ ਰਿਪੋਰਟਾਂ ਵੱਖ-ਵੱਖ ਮਿਲਦੀਆਂ ਹਨ। ਸਰਕਾਰੀ ਰਿਪੋਰਟ ਅਨੁਸਾਰ 19 ਮੁਸਾਫ਼ਿਰ ਤੇ ਇਕ ਪੁਲਿਸ ਕਰਮਚਾਰੀ ਮਾਰਿਆ ਗਿਆ ਤੇ 23 ਜ਼ਖ਼ਮੀ ਹੋਏ। ਇਕ ਰਿਪੋਰਟ ਅਨੁਸਾਰ 18 ਮੁਸਾਫ਼ਿਰ ਮਾਰੇ ਗਏ ਤੇ 25 ਜ਼ਖ਼ਮੀ ਹੋਏ। ਇਕ ਹੋਰ ਰਿਪੋਰਟ ਅਨੁਸਾਰ 321 ਮੁਸਾਫ਼ਿਰਾਂ ਵਿਚੋਂ 62 ਮੁਸਾਫ਼ਿਰ ਹਸਪਤਾਲ ਦਾਖ਼ਲ ਕਰਵਾਏ ਅਤੇ 202 ਮੁਸਾਫ਼ਿਰ ਆਰਡੀਨੈਂਸ ਅਧੀਨ ਜੇਲ੍ਹ ਬੰਦ ਕੀਤੇ।

ਕਿਤਾਬ 'ਕਾਮਾਗਾਟਾ ਮਾਰੂ ਦਾ ਦੁਖਾਂਤ' ਦੇ ਅੰਤਿਕਾ ਦੀ ਸਾਰਣੀ ਅਨੁਸਾਰ ਸੋਹਣ ਸਿੰਘ ਜੋਸ਼ ਮਾਰੇ ਗਏ ਜਾਂ ਮਰੇ ਸਮਝੇ ਗਏ ਮੁਸਾਫ਼ਿਰਾਂ ਦੀ ਗਿਣਤੀ 29 ਅਤੇ ਗ੍ਰਿਫ਼ਤਾਰਾਂ ਦੀ ਗਿਣਤੀ 18 ਦੱਸਦੇ ਹਨ। ਇਸ ਸਾਰਣੀ ਵਿਚ 29 ਨੰਬਰ 'ਤੇ ਸ਼ਹੀਦ ਗੋਦੀ ਰਾਮ ਪਿਤਾ ਬਿਸ਼ਨ ਰਾਮ ਪਿੰਡ ਮਾਛੀਵਾਲ, ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਹੈ। ਇਸ ਸ਼ਹੀਦ ਦੇ ਪਿੰਡ ਦਾ ਨਾਂ ਗਲਤੀ ਨਾਲ ਅੱਚਰਵਾਲ ਦੀ ਥਾਂ ਪਾਛੀਵਾਲ ਛਪ ਗਿਆ ਹੈ ਕਿਉਂਕਿ ਜਗਰਾਉਂ ਤਹਿਸੀਲ ਵਿਚ ਕੋਈ ਪਾਛੀਵਾਲ ਪਿੰਡ ਹੀ ਨਹੀਂ ਹੈ। ਦੂਸਰਾ ਤਰਕ ਇਹ ਹੈ ਕਿ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਿਰਾਂ ਦੀ ਸੂਚੀ ਵਿਚ ਪਤਾ, ਗੋਦੀ ਰਾਮ ਪਿਤਾ ਬਿਸ਼ਨ ਰਾਮ ਪਿੰਡ ਅੱਚਰਵਾਲ ਤਹਿਸੀਲ ਜਗਰਾਉਂ (ਹੁਣ ਰਾਏਕੋਟ) ਜ਼ਿਲ੍ਹਾ ਲੁਧਿਆਣਾ, ਠੀਕ ਲਿਖਿਆ ਹੈ। ਮੁਸਾਫ਼ਿਰਾਂ ਦੀ ਸੂਚੀ ਵਿਚ ਗੋਦੀ ਰਾਮ ਪਿਤਾ ਬਿਸ਼ਨ ਰਾਮ ਦਾ ਹੋਰ ਕੋਈ ਮੁਸਾਫ਼ਿਰ ਹੀ ਨਹੀਂ, ਫਿਰ ਪਿੰਡ ਪਾਛੀਵਾਲ (ਜੋ ਹੈ ਨਹੀਂ) ਦਾ ਸ਼ਹੀਦ ਕਿਥੋਂ ਆ ਗਿਆ। ਇਸ ਸ਼ਹੀਦ ਦੇ ਪਿੰਡ ਦਾ ਪਤਾ ਪ੍ਰੋ. ਮਾਲਵਿੰਦਰਜੀਤ ਸਿੰਘ ਬੜੈਚ ਨੇ ਵੀ ਗਲਤੀ ਨਾਲ ਕਿਤਾਬ 'ਚੱਲ ਮਾਲਵੇ ਦੇਸ਼ ਨੂੰ ਚੱਲੀਏ' ਵਿਚ, ਸਾਹਨੀ 'ਕਾਮਾਗਾਟਾ ਮਾਰੂ ਦੇ 28 ਭਗੌੜੇ ਮੁਸਾਫ਼ਿਰਾਂ ਦੀ ਸੂਚੀ' ਮਲਵਈਆਂ ਦੀ ਲਿਸਟ ਵਿਚ ਅਖੀਰ ਉਤੇ ਗੋਦੀ ਰਾਮ ਪਿਤਾ ਬਿਸ਼ਨ ਰਾਮ ਪਿੰਡ ਪੈਨਚਰਵਾਲ, ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ ਲਿਖਿਆ ਹੈ। ਇਹ ਗਲਤੀ ਗੁਰਚਰਨ ਸਿੰਘ ਸਹਿਸਰਾ ਦੀ ਲਿਖਤ ਵਿਚ ਵੀ ਹੈ। ਅਸਲ ਵਿਚ ਜੇ ਕੋਈ ਇਤਿਹਾਸਕ ਗਲਤੀ ਮੁੱਢ ਵਿਚ ਹੋ ਜਾਵੇ ਤਾਂ ਉਸ ਦਾ ਅੱਗੇ ਤੋਂ ਅੱਗੇ ਜਾਣਾ ਸੁਭਾਵਿਕ ਹੋ ਜਾਂਦਾ ਹੈ। ਇਸ ਦੇ ਸਬੰਧ ਵਿਚ ਵੀ ਲੇਖਕ ਦਾ ਉਪਰੋਕਤ ਤਰਕ ਹੈ। ਲੇਖਕ ਦਾ ਪਿੰਡ ਵੀ ਅੱਚਰਵਾਲ ਹੈ ਜਿਸ ਨੇ ਆਪਣੀ ਉਮਰ ਦੇ 64 ਵਰ੍ਹਿਆਂ ਵਿਚ ਪਿੰਡ ਦੇ ਅਨੇਕਾਂ ਬਜ਼ੁਰਗਾਂ ਕੋਲੋਂ ਸੁਣਿਆ ਤੇ ਹਰ ਸਾਲ ਬਰਸੀ ਮਨਾ ਕੇ ਯਾਦ ਕੀਤਾ ਜਾਂਦਾ ਹੈ।

905-499-4766


DYNAMIC TROPHIES
& AWARDS
Where We Make Your Winners Shine!


We specialize in:
- Corporate awards
- Plaques
- Trophies
- Medals
- Crystal awards
- Glass awards
- Recognition products
- Executive gifts
- Promotional items



call: Raguhbir Singh or Komal
905.454.2636

224 Rutherford Road South, Suite 1
Brampton, ON L6W 3J6
dynamictrophies@hotmail.com
www.dynamictrophies.ca

# An open letter to Narendra Modi



Gopalkrishna Gandhi

Dear Prime Minister-designate,

This comes with my hearty felicitations. I mean and say that in utter sincerity, which is not very easy for me to summon, because I am not one of those who wanted to see you reach the high office that you have reached. You know better than anyone else, that while many millions are ecstatic that you will become Prime Minister, many more millions may, in fact, be disturbed, greatly disturbed by it.

Until recently I did not believe those who said you were headed there. But, there you are, seated at the desk at which Jawaharlal Nehru sat, Lal Bahadur Shastri did, and, after a historic struggle against Indira Gandhi's Emergency, another Gujarati, Morarji Desai did, as did later, your own political mentor, Atal Bihari Vajpayee. Those who did not want you there have to accept the fact that you are there.

Despite all my huge misgivings about your deserving that rare privilege, I respect someone coming from so sharply disadvantaged a community and family as yours, becoming Prime Minister of India. That fulfils, very quintessentially, the vision of our egalitarian Constitution.

### Revisting the idea of desh

When some spoke rashly and derisively of your having been a "chaiwala," I felt sick to my stomach. What a wonderful thing it is, I said to myself, that one who has made and served chai for a living should be able to head the government of India. Far better bearing a pyala to many than being a chamcha to one.

But, Mr. Modi, with that said, I must move to why your being at India's helm disturbs millions of Indians. You know this more clearly than anyone else that in the 2014 election, voters voted, in the main, for Modi or against Modi. It was a case of "Is Narendra Modi the country's best guardian — desh ka rakhvala — or is he not?" The BJP has won the seats it has because you captured the imagination of 31 per cent of our people (your vote share) as the nation's best guardian, in fact, as its saviour. It has also to be noted that 69 per cent of the voters did not see you as their rakhvala. They also disagreed on what, actually, constitutes our desh. And this — the concept of desh — is where, Mr. Modi, the Constitution of India, upon the authority of which you are entering the office of Prime Minister, matters. I urge you to revisit the idea of desh.

### Reassuring the minorities

In invoking unity and stability, you have regularly turned to the name and stature of Sardar Vallabhbhai Patel. The Sardar, as you would know, chaired the Constituent Assembly's Committee on Minorities. If the Constitution of India gives crucial guarantees — educational, cultural and religious — to India's minorities, Sardar Patel has to be thanked, as do other members of that committee, in particular Rajkumari Amrit Kaur, the Christian daughter of Sikh Kapurthala. Adopt, in toto, Mr. Modi, not adapt or modify, dilute or tinker with, the vision of the Constitution on the minorities. You may like to read what the indomitable Sardar said in that committee.

Why is there, in so many, so much fear, that they dare not voice their fears?

It is because when you address rallies, they want to hear a democrat who carries the Peoplehood of India with him, not an Emperor who issues decrees. Reassure the minorities, Mr. Modi, do not patronise them. "Development" is no substitute to security. You spoke of "the Koran in one hand, a laptop in the other," or words to that effect. That visual did not quite reassure them because of a counter visual that scares them — of a thug masquerading as a Hindu holding a Hindu epic's DVD in one hand and a minatory trishul in the other.

In the olden days, headmasters used to keep a salted cane in one corner of the classroom, visible and scary, as a reminder of his ability to lash the chosen skin. Memories, no more than a few months old, of the riots in Muzaffarnagar which left at least 42 Muslims and 20 Hindus dead and displaced over 50,000 persons, are that salted cane. "Beware, this is what will be done to you!" is not a threat that anyone in a democracy should fear. But that is the message that has entered the day's fears and night's terrors of millions.

It is in your hands, Mr. Modi, to dispel that. You have the authority and the power to do that, the right and the obligation as well. I would like to believe that, overcoming small-minded advice to the contrary, you will dispel that fear.

All religious minorities in India, not just the Muslim, bear scars in their psyche even as Hindus and Sikhs displaced from West Punjab, and Kashmiri Pandits do. There is the fear of a sudden riot caused with real or staged provocation, and then returned with multiplied retribution, targeted very specially on women. Dalits and Adivasis, especially the women, live and relive humiliation and exploitation every minute of their lives. The constant tug of unease because of slights, discrimination, victimisation is de-citizenising, demoralising, dehumanising. Address that tug, Mr. Modi, vocally and visibly and win their trust. You can, by assuring them that you will be the first spokesman for their interests.

No one should have the impudence to speak the monarchist language of uniformism to a republic of pluralism, the vocabulary of "oneness" to an imagination of many-nesses, the grammar of consolidation to a sensibility that thrives in and on its variations. India is a diverse forest. It wants you to nurture the humus that sustains its great variety, not place before it the monochromatic monoculturalism of a political monotheism.

What has been taken as your stand on Article 370 of the Constitution, the old and hackneyed demand for a Uniform Civil Code, the Ram Mandir in Ayodhya, and what the media have reported as your statements about "Hindu refugees" in our North and North-West and "Muslim refugees" in our East and North-East, strikes fear, not trust. Mass fear, Mr. Modi, cannot be an attribute of the Republic of India. And, as Prime Minister of India, you are the Republic's alter ego.

India's minorities are not a segment of India, they are an infusion in the main. Anyone can burn rope to cinder, no one can take the twist out of it. Bharat mata ki jai, sure, Mr. Modi, but not superseding the compelling urgency of Netaji Subhas Chandra Bose's clarion — Jai Hind!

A historic win it has been for you, Mr. Modi, for which, once again, congratulations. Let it be followed by a historic innings, which stuns the world by surprises your supporters may not want of you but many more would want to see you unfurl. You are hugely intelligent and will not mind unsolicited but disinterested advice of one from an earlier generation. Requite the applause of your support-base but, equally, redeem the trust of those who have not supported you. When you reconstitute the Minorities Commission, ask the Opposition to give you all the names and accept them without change. And do the same for the panels on Scheduled Castes and Tribes, and Linguistic Minorities. And when it comes to choosing the next Chief Information Commissioner, the next CAG, CVC, go sportingly by the recommendation of the non-government members on the selection committee, as long as it is not partisan. You are strong and can afford such risks.

### Addressing the southern deficit

Mr. Modi, there is a southern deficit in your India calculus. The Hindi-belt image of your victory should not tighten itself into a North-South divide. Please appoint a deputy prime minister from the South, who is not a politician at all, but an expert social scientist, ecologist, economist or a demographer. Nehru had Shanmukham Chetty, John Mathai, C.D. Deshmukh and K.L. Rao in his cabinet. They were not Congressmen, not even politicians. Indira Gandhi had S. Chandrashekhar, V.K.R.V. Rao. I cannot, for the life of me, understand why the UPA did not make Professor M.S. Swaminathan and Shyam Benegal, both nominated members in the Rajya Sabha, ministers. There is a convention, one may even say, a healthy convention, that nominated members should not be made ministers. But exigencies are exigencies. Professor Nurul Hasan, a nominated member, was one of the best Ministers of Education we have had.

Imperial and ideological exemplars appeal to you. So, be Maharana Pratap in your struggle as you conceive it, but be an Akbar in your repose. Be a Savarkar in your heart, if you must, but be an Ambedkar in your mind. Be an RSS-trained believer in Hindutva in your DNA, if you need to be, but be the Wazir-e-Azam of Hindostan that the 69 per cent who did not vote for you, would want you to be.

With every good wish as you take your place at the helm of our desh,

I am, your fellow-citizen,

*Gopalkrishna Gandhi*

*(The writer is a former administrator and diplomat. He was Governor of West Bengal, 2004-2009, and officiating Governor of Bihar, 2005-2006.)*

# How AAP ate into the Akali vote

Chander Suta Dogra

To describe the Aam Aadmi Party's (AAP) surprise success in Punjab, where it won four seats and 25 per cent of the votes, as being the result of a deep anger against the high-handedness and misrule of the Shiromani Akali Dal (SAD)-Bharatiya Janata Party (BJP) alliance in the State, is to present only half the picture. Given that the AAP won no seats in any other State including neighbouring Haryana, where it deployed all its might to get only 4 per cent of the votes, its stunning performance in Punjab has flummoxed rivals and its own leadership alike.

The AAP's surge

Till today the AAP does not have a proper State unit in Punjab. Its election campaign was managed by a hurriedly put together committee of 12 persons, some of whom came over from Delhi to lend a helping hand. Its candidates were a ragtag group of little known people, some of whom were reluctant to even go out and campaign due to shortage of funds. In Faridkot for instance, Dr. Sadhu Singh, a retired principal and poet who had joined the AAP a few months ago and who won with 4,50,751 votes, had been unable to campaign in more than 10 per cent of the villages. Bhagwant Mann, the Punjabi satirist who was a runaway hit in Sangrur, and who campaigned with bands of youths following him on motorcycles from village to village, won by a margin of more than two lakh votes. Dharam Vira Gandhi, an unassuming cardiologist of Patiala, defeated Minister of State for External Affairs Preneet Kaur in an area that is considered her pocket borough.

Many are beginning to say that such a development could take place only in Punjab, because Punjabis are not afraid of taking risks. The legendary Punjabi appetite for venturing into areas where others fear to tread and receptiveness to anything new is one reason why they have embraced the fledgling party, in a manner in which no one else did. Out of the 117 assembly segments in Punjab, the AAP won in 33 and stood second in 25, which covers roughly half the State. The party's spread spans urban and rural areas. It performed best in the State's Malwa belt, where a deepening agrarian crisis, drug abuse and cancer have created a sense of hopelessness.

In a society that is traditionally liberal and inclusive and does not tolerate injustice or 'dhakka,' AAP workers found to their delight that people rallied around the party because they saw Arvind Kejriwal as the underdog who could deliver them from the arrogance of the Akalis. "There is a visceral anger against the Akalis and the BJP and this vote is the deep desire of the average Punjabi to teach them a lesson. [It is] equivalent to a slap," says Professor Harish Puri, historian and Punjab watcher.

But the Sikhs are also a macho, martial race who admire strong men and have rallied around heroes like Guru Gobind Singh who stood up to the atrocities of the mighty Mughals. The difference, however, is that they like their heroes to be Sikhs and are unkind to non-Sikhs posing as strong men. "Narendra Modi's superman image, his style of talking and his arrogant stance actually fuelled the sentiment to teach the ruling dispensation a lesson," points out Professor Puri. "A swagger in a Sikh is welcome, but they don't like it when a non-Sikh from outside wears it." The 'Modi wave,' therefore, not only left the Sikhs untouched, but Mr. Modi was even see as 'anti-Sikh' by many.

This point is best illustrated by what happened in Amritsar where Captain Amarinder Singh of the Congress trounced BJP stalwart Arun Jaitley, despite the latter having everything going for him. Capt. Singh won by more than one lakh votes, making Mr. Jaitley's loss one of



the biggest upsets in the BJP's stupendous pan-Indian performance. The story was similar in Bhatinda, too, where Manpreet Singh Badal almost wrested the seat that eventually went to his sister-in-law Harsimrat Kaur Badal, who won by a slim margin of a little more than 19,000 votes. "Both Capt. Amarinder and Manpreet were seen as Sikh strongmen who could shield the public from the atrocities of the hated Akali-BJP combine. The acceptance for a home-grown Punjabi hero is seen in both these places where these two got massive support, even though there is plenty of disillusionment with the Congress-led UPA government at the Centre," says Dr. Pramod Kumar, a political analyst. None of the other Congress candidates — Pratap Singh Bajwa or Ambika Soni or Sunil Jakhar, all of whom lost — enjoy the same stature in Punjab's politics. In other constituencies where there were no iconic Sikhs to look up to, the Sikhs mostly voted the AAP. The SAD-BJP combine has won six seats, one more than in 2009, but the mood is sombre in both parties, because the writing on the wall is clear.

What should worry the Akalis more is the fact that for the first time someone has come along to dent their 'panthic' religious vote bank in rural Punjab. The singular achievement of the AAP in the State has been the dent it has made in this core Sikh vote. Much of the credit for this goes to Mr. Kejriwal for his decision to set up a Special Investigation Team to re-investigate the 1984 riot cases. The Akalis have always taken for granted this section of voters. The AAP appealed to those who were upset with the Akalis for exploiting Sikh issues and not doing anything substantial to redress them. The radical Sikhs also rallied around the party. The AAP's strategy — of drumming up the matter of Sikhs in Gujarat being hounded by the Modi government there — worked to build up his 'anti-Sikh' image, notwithstanding his posing with a turban at one of Mr. Jaitley's rallies. The party also galvanised the leftists in the Malwa belt. Activists of the Communist Party of India (Marxist-Leninist) who were inactive for decades were seen riding high on the AAP fervour.


Role of the NRI

Adding to this, the formidable non-resident Indian component of Punjab's extended population, who worked overtime on social media, reached out to youngsters and rooted for the AAP, said Baljit Balli, a veteran Punjabi journalist who runs an online news portal.

Among those who won is Dr. Harinder Singh Khalsa, a former diplomat who resigned as the ambassador of Norway in 1984 in protest against Operation Bluestar. He was in exile for six years and returned in the 90s to live a quiet life. He won handsomely from Fatehgarh Sahib.

The object of the Punjabis' unexpected ardour for the moment is the AAP and the new love affair has thrown past passions into a tizzy. No one quite knows what this augurs for the future, but the AAP certainly has the State Assembly in its crosshairs now.

# ਕਾਮਾਗਾਟਾਮਾਰੂ ਤੇ ਬਿਖਮ ਮਾਰਗ ਦੇ ਪਾਂਧੀ



ਡਾ. ਗੁਰਦੇਵ ਸਿੰਘ ਸਿੱਧੂ


ਇੱਕ ਸਦੀ ਪਹਿਲਾਂ 23 ਮਈ 1914 ਦੀ ਸਵੇਰ ਵੇਲੇ ਕਾਮਾਗਾਟਾਮਾਰੂ ਜਹਾਜ਼ 376 ਪੰਜਾਬੀ ਮੁਸਾਫ਼ਰਾਂ ਨੂੰ ਲੈ ਕੇ ਕੈਨੇਡਾ ਦੀ ਸਮੁੰਦਰੀ ਬੰਦਰਗਾਹ ਵੈਨਕੂਵਰ ਦੇ ਪਾਣੀਆਂ ਵਿੱਚ ਪੁੱਜਾ ਜਿੱਥੇ ਕੈਨੇਡਾ ਸਰਕਾਰ ਦੇ ਅਧਿਕਾਰੀਆਂ ਨੇ ਇਸ ਜਹਾਜ਼ ਨੂੰ ਸਮੁੰਦਰੀ ਘਾਟ ਉੱਤੇ ਲੰਗਰ ਸੁੱਟਣ ਦੀ ਆਗਿਆ ਨਾ ਦਿੱਤੀ ਅਤੇ ਇਸ ਨੂੰ ਘੇਰੇ ਵਿੱਚ ਲੈ ਕੇ ਸਮੁੰਦਰ ਵਿੱਚ ਹੀ ਖੜ੍ਹਾ ਕਰ ਲਿਆ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਕੈਨੇਡਾ ਸਰਕਾਰ ਨੇ ਪਰਵਾਸੀਆਂ ਦੇ ਕੈਨੇਡਾ ਆਉਣ ਉੱਤੇ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ ਸੀ। ਸੰਨ 1908 ਵਿੱਚ ਕੈਨੇਡਾ ਸਰਕਾਰ ਵੱਲੋਂ ਪਰਵਾਸ ਸਬੰਧੀ ਹੁਕਮ ਜਾਰੀ ਕੀਤਾ ਗਿਆ ਸੀ ਕਿ ਕੇਵਲ ਆਪਣੇ ਦੇਸ਼ ਤੋਂ ਸਿੱਧਾ ਸਫ਼ਰ ਕਰਨ ਵਾਲੇ ਮੁਸਾਫ਼ਰਾਂ ਨੂੰ ਹੀ ਕੈਨੇਡਾ ਵਿੱਚ ਉਤਰਨ ਦੀ ਆਗਿਆ ਦਿੱਤੀ ਜਾਵੇਗੀ। ਅੰਦਰਖਾਤੇ ਜਹਾਜ਼ੀ ਕੰਨੀਆਂ ਨੂੰ ਹੁਕਮ ਕਰ ਦਿੱਤੇ ਗਏ ਸਨ ਕਿ ਕਿਸੇ ਹਿੰਦੁਸਤਾਨੀ ਨੂੰ ਕੈਨੇਡਾ ਦੀ ਟਿਕਟ ਨਾ ਦਿੱਤੀ ਜਾਵੇ। ਸਿੱਟੇ ਵਜੋਂ ਕੈਨੇਡਾ ਜਾਣ ਦੀ ਲਾਲਸਾ ਵਿੱਚ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਘਰੋਂ ਤੁਰੇ ਪੰਜਾਬੀ ਹਾਂਗਕਾਂਗ ਤਕ ਤਾਂ ਪਹੁੰਚ ਗਏ ਪਰ ਇਸ ਤੋਂ ਅੱਗੇ ਜਾਣ ਵਿੱਚ ਕੈਨੇਡਾ ਸਰਕਾਰ ਦਾ ਹੁਕਮ ਅੜਿੱਕਾ ਬਣ ਗਿਆ। ਉਹ ਉੱਥੇ ਬੈਠ ਕੇ ਉਡੀਕ ਕਰਨ ਲੱਗੇ ਕਿ ਕਦੋਂ ਕਿਸੇ ਜਹਾਜ਼ੀ ਕੰਪਨੀ ਤੋਂ ਕੈਨੇਡਾ ਜਾਣ ਦੀ ਟਿਕਟ ਮਿਲੇ ਅਤੇ ਉਹ ਆਪਣੇ ਸੁਪਨਿਆਂ ਦੇ ਦੇਸ਼ ਵਿੱਚ ਪਹੁੰਚ ਕੇ ਆਪਣੀ ਆਰਥਿਕ ਮੰਦਹਾਲੀ ਤੋਂ ਛੁਟਕਾਰਾ ਪਾ ਸਕਣ। ਜਨਵਰੀ 1914 ਵਿੱਚ ਆਪਣੇ ਵਣਜ ਦੇ ਸਬੰਧ ਵਿੱਚ ਹਾਂਗਕਾਂਗ ਆਏ ਬਾਬਾ ਗੁਰਦਿੱਤ ਸਿੰਘ ਨੇ ਉੱਥੇ ਰੁਕੇ ਹੋਏ ਸੈਂਕੜੇ ਪੰਜਾਬੀਆਂ ਨੂੰ ਮੰਦੇ ਹਾਲ ਵੇਖਿਆ ਤਾਂ ਉਨ੍ਹਾਂ ਦਾ ਦਿਲ ਟੁੰਬਿਆ ਗਿਆ।

ਬਾਬਾ ਗੁਰਦਿੱਤ ਸਿੰਘ ਇੱਕ ਸਫ਼ਲ ਵਣਜਕਾਰ ਤਾਂ ਸਨ ਹੀ, ਉਨ੍ਹਾਂ ਦੇ ਵਪਾਰੀ ਮਨ ਨੇ ਹਿੰਦੁਸਤਾਨੀ ਮੁਸਾਫ਼ਰਾਂ ਨੂੰ ਵਿਦੇਸ਼ਾਂ ਵਿੱਚ ਲੈ ਜਾਣ ਨੂੰ ਲਾਹੇਵੰਦ ਧੰਦਾ ਸਮਝਦਿਆਂ ਇੱਕ ਜਹਾਜ਼ੀ ਕੰਪਨੀ ਬਣਾ ਕੇ ਇਸ ਖੇਤਰ ਵਿੱਚ ਪੈਰ ਧਰਨ ਦਾ ਮਨ ਬਣਾ ਲਿਆ। ਉਨ੍ਹਾਂ ਦੇ ਉਪਰਾਲੇ ਨਾਲ ਪੰਜਾਬੀਆਂ ਨੂੰ ਬਾਹਰਲੇ ਦੇਸ਼ਾਂ ਵਿੱਚ ਕਮਾਈ ਕਰਨ ਵਾਸਤੇ ਪਹੁੰਚਣ ਦਾ ਅਵਸਰ ਤਾਂ ਮਿਲਣਾ ਹੀ ਸੀ, ਨਾਲ ਹੀ ਉਨ੍ਹਾਂ ਨੂੰ ਚੋਖਾ ਆਰਥਿਕ ਲਾਭ ਵੀ ਹੋਣਾ ਸੀ। ਬਾਬਾ ਗੁਰਦਿੱਤ ਸਿੰਘ ਸਾਹਮਣੇ ਹਾਂਗਕਾਂਗ ਅਤੇ ਦੂਜੇ ਟਾਪੂਆਂ ਵਿੱਚ ਬੈਠੇ ਪੰਜਾਬੀਆਂ ਨੂੰ ਕਿਸੇ ਤਣ ਪੱਤਣ ਲਾਉਣ ਦੀ ਸਮੱਸਿਆ ਸੀ। ਨਵੰਬਰ 1913 ਵਿੱਚ 39 ਪੰਜਾਬੀਆਂ ਦੀ ਇੱਕ ਟੋਲੀ ਸਮੁੰਦਰੀ ਯਾਤਰਾ ਕਰਦੀ ਵੈਨਕੂਵਰ ਪਹੁੰਚੀ ਸੀ। ਕੈਨੇਡਾ ਦੇ ਪਰਵਾਸ ਅਧਿਕਾਰੀਆਂ ਨੇ ਇਨ੍ਹਾਂ ਵਿੱਚੋਂ ਕੇਵਲ ਚਾਰ ਨੂੰ ਕੈਨੇਡਾ ਵਿੱਚ ਦਾਖ਼ਲ ਹੋਣ ਦੀ ਆਗਿਆ ਦਿੱਤੀ। ਕੈਨੇਡਾ ਵਸਦੇ ਦੇਸ਼ ਭਗਤ ਪੰਜਾਬੀਆਂ ਨੇ ਕੈਨੇਡਾ ਵਿੱਚ ਨਾ ਉਤਰਨ ਦਿੱਤੇ ਗਏ 35 ਮੁਸਾਫ਼ਰਾਂ ਦੀ ਤਰਫ਼ੋਂ ਕੈਨੇਡਾ ਹਾਈ ਕੋਰਟ ਵਿੱਚ ਮੁਕੱਦਮਾ ਕਰ ਦਿੱਤਾ। ਜੱਜ ਨੇ ਕੈਨੇਡਾ ਦੇ ਪਰਵਾਸੀ ਕਾਨੂੰਨ ਨੂੰ ਰੱਦ ਕਰਦਿਆਂ ਇਨ੍ਹਾਂ ਸਾਰਿਆਂ ਨੂੰ ਕੈਨੇਡਾ ਵਿੱਚ ਦਾਖ਼ਲੇ ਦੇ ਅਧਿਕਾਰੀ ਐਲਾਨ ਦਿੱਤਾ। ਇਸ ਫ਼ੈਸਲੇ ਨੇ ਕੈਨੇਡਾ ਜਾਣ ਵਾਲੇ ਪੰਜਾਬੀਆਂ ਨੂੰ ਉਤਸ਼ਾਹਿਤ ਕੀਤਾ। ਭਾਵੇਂ ਕੈਨੇਡਾ ਸਰਕਾਰ ਨੇ ਪਰਵਾਸ ਨਾਲ ਸਬੰਧਤ ਕਾਨੂੰਨ ਵਿੱਚ ਰਹੀ ਕਮਜ਼ੋਰੀ ਨੂੰ ਦੂਰ ਕਰ ਕੇ ਆਪਣੀ ਪੁਜ਼ੀਸ਼ਨ ਮਜ਼ਬੂਤ ਕਰ ਲਈ ਸੀ ਪਰ ਬਾਬਾ ਗੁਰਦਿੱਤ ਸਿੰਘ ਦੀ ਦਲੀਲ ਸੀ ਕਿ ਅੰਗਰੇਜ਼ੀ ਸਾਮਰਾਜ ਦੀ ਰਿਆਇਆ ਹੋਣ ਕਰਕੇ ਹਿੰਦੁਸਤਾਨੀਆਂ ਨੂੰ ਸਾਮਰਾਜ ਅਧੀਨ ਕਿਸੇ ਵੀ ਬਸਤੀ ਵਿੱਚ ਜਾ ਕੇ ਵਸਣ ਦਾ ਅਧਿਕਾਰ ਹੈ ਅਤੇ ਉਹ ਇਸ ਨੂੰ ਮੰਨਵਾ ਲੈਣ ਲਈ ਬਜ਼ਿੱਦ ਸਨ। ਉਨ੍ਹਾਂ ਹਾਂਗਕਾਂਗ ਦੇ ਗਵਰਨਰ ਨਾਲ ਆਪਣੀ ਮੁਲਾਕਾਤ ਵਿੱਚ ਵੀ ਇਸ ਗੱਲ ਉੱਤੇ ਜ਼ੋਰ ਦਿੱਤਾ ਸੀ, 'ਕੈਨੇਡਾ ਦੇਸ਼ ਵਿੱਚ ਸਾਡੇ ਹਿੰਦ ਵਾਂਗਰ ਬ੍ਰਿਟਿਸ਼ ਗੌਰਮਿੰਟ ਦਾ ਝੰਡਾ ਝੂਲਦਾ ਹੈ। ਇਸ ਲਈ ਸਾਡਾ ਉਤਰਨ ਦਾ ਜ਼ਿਆਦਾ ਹੱਕ ਉੱਥੇ ਹੀ ਹੈ। ਉਹ ਦ੍ਰਿੜਤਾ ਨਾਲ ਕਹਿੰਦੇ ਸਨ, ਮੈਂ ਸਦਾ ਲਈ ਆਪਣੇ ਪੱਖ ਵਿੱਚ ਫ਼ੈਸਲਾ ਲੈਣ ਲਈ ਕੈਨੇਡਾ ਦੀ ਸੁਪਰੀਮ ਕੋਰਟ ਵਿੱਚ ਕੇਸ ਲੜਾਂਗਾ। ਜੇ ਫਿਰ ਵੀ ਕੈਨੇਡਾ ਸਰਕਾਰ ਨਾ ਮੰਨੀ ਤਾਂ ਮੈਂ ਬਰਤਾਨਵੀ ਹਕੂਮਤ ਨੂੰ ਇਸ ਦਾ ਜਵਾਬ ਪੁੱਛਾਂਗਾ। ਜਦੋਂ ਤਕ ਕੋਈ ਫ਼ੈਸਲਾ ਨਹੀਂ ਹੋ ਜਾਂਦਾ, ਮੈਂ ਉਦੋਂ ਤਕ ਵਾਪਸ ਨਹੀਂ ਮੁੜਾਂਗਾ। ਫਿਰ ਮੈਂ ਇਹ ਸਾਰਾ ਕੁਝ ਸਾਰੇ ਹਿੰਦੁਸਤਾਨੀਆਂ ਮੂਹਰੇ ਪੇਸ਼ ਕਰਾਂਗਾ।

ਇਸ ਸਥਿਤੀ ਵਿੱਚ ਟਾਪੂਆਂ ਵਿੱਚ ਥਾਂ ਕੁਥਾਂ ਰੁਲ ਰਹੇ ਪੰਜਾਬੀਆਂ ਨੂੰ ਕੈਨੇਡਾ ਪੁੱਜਦਾ ਕਰਨ ਵਾਸਤੇ ਬਾਬਾ ਗੁਰਦਿੱਤ ਸਿੰਘ ਨੇ ਕਈ ਮਹੀਨਿਆਂ ਦੀ ਭੱਜ- ਦੌੜ ਉਪਰੰਤ 19 ਮਾਰਚ 1914 ਨੂੰ ਇੱਕ ਜਪਾਨੀ ਜਹਾਜ਼ੀ ਕੰਪਨੀ ਪਾਸੋਂ ਕਾਮਾਗਾਟਾਮਾਰੂ ਜਹਾਜ਼ ਛੇ ਮਹੀਨੇ ਵਾਸਤੇ ਪ੍ਰਤੀ ਮਹੀਨਾ ਗਿਆਰਾਂ ਹਜ਼ਾਰ ਡਾਲਰ ਕਿਰਾਏ ਉੱਤੇ ਲੈ ਲਿਆ ਜਿਸ ਨੂੰ ਉਨ੍ਹਾਂ 'ਗੁਰੂ ਨਾਨਕ ਜਹਾਜ਼' ਦਾ ਨਾਂ ਦਿੱਤਾ। ਕੁਝ ਰਕਮ ਪੇਸ਼ਗੀ ਦੇ ਦਿੱਤੀ ਗਈ ਅਤੇ ਬਾਕੀ ਦੀ ਅਦਾਇਗੀ ਲਈ ਸਮਾਂ ਨਿਰਧਾਰਤ ਕਰ ਲਿਆ ਗਿਆ। ਬਾਬਾ ਗੁਰਦਿੱਤ ਸਿੰਘ ਵੱਲੋਂ ਜਹਾਜ਼ ਕਿਰਾਏ ਉੱਤੇ ਲੈਣ ਦੀ ਦੇਰ ਸੀ ਕਿ ਕੈਨੇਡਾ ਅਤੇ ਬਰਤਾਨੀਆ ਸਰਕਾਰ ਦੇ ਕੰਨ ਖੜ੍ਹੇ ਹੋ ਗਏ। ਏਧਰ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ ਦੀ ਹਾਂਗਕਾਂਗ ਤੋਂ ਕੈਨੇਡਾ ਲਈ 31 ਮਾਰਚ 1914 ਨੂੰ ਰਵਾਨਗੀ ਲਈ ਹਾਂਗਕਾਂਗ ਦੇ ਗਵਰਨਰ ਨੂੰ ਦਿੱਤੀ ਦਰਖ਼ਾਸਤ ਦੀ ਮਨਜ਼ੂਰੀ ਉਡੀਕ ਰਹੇ ਸਨ ਤੇ ਓਧਰ ਅਗਲੇ ਦਿਨ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਜਦ ਉਨ੍ਹਾਂ ਵੱਲੋਂ ਕਿਸੇ ਵੀ ਕਾਨੂੰਨ ਦੀ ਉਲੰਘਣਾ ਕਰਨ ਦੀ ਗੱਲ ਸਾਬਤ ਨਾ ਹੋਈ ਤਾਂ ਪੁਲੀਸ ਨੇ ਮੁਕੱਦਮਾ ਵਾਪਸ ਲੈ ਲਿਆ। ਇਸ ਘਟਨਾ ਦਾ ਅਸਰ ਇਹ ਹੋਇਆ ਕਿ ਕੁਝ ਡਰਾਕਲ ਮੁਸਾਫ਼ਰ ਜਹਾਜ਼ ਵਿੱਚ ਸਵਾਰ ਹੋਣ ਤੋਂ ਮੁੱਖ ਮੋੜ ਗਏ। ਗਵਰਨਰ ਹਾਂਗਕਾਂਗ ਵੱਲੋਂ ਬੇਲੋੜੀ ਦੇਰੀ ਕਰਨ ਉਪਰੰਤ ਜਹਾਜ਼ ਤੋਰਨ ਦੀ ਪ੍ਰਵਾਨਗੀ ਮਿਲੀ ਤਾਂ ਜਹਾਜ਼ 3 ਅਪਰੈਲ 1914 ਨੂੰ ਹਾਂਗਕਾਂਗ ਤੋਂ 165 ਮੁਸਾਫ਼ਰਾਂ ਨੂੰ ਲੈ ਕੇ ਰਵਾਨਾ ਹੋਇਆ।

ਇਸ ਜਹਾਜ਼ ਨੇ ਅਗਲਾ ਪੜਾਅ ਸ਼ੰਘਾਈ ਜਾ ਕੇ ਕੀਤਾ। ਜਹਾਜ਼ ਦੀ ਰਵਾਨਗੀ ਵਿੱਚ ਅੜਿੱਕਾ ਪਾਉਣ ਦੀ ਗੱਲ ਜੱਗ-ਜ਼ਾਹਰ ਹੋ ਚੁੱਕੀ ਸੀ। ਇਸ ਲਈ ਬਾਬਾ ਗੁਰਦਿੱਤ ਸਿੰਘ ਨੇ ਆਪਣੇ ਦੋ ਸਾਥੀਆਂ ਭਾਈ ਵੀਰ ਸਿੰਘ ਅਤੇ ਹਰਨਾਮ ਸਿੰਘ ਨੂੰ ਪਹਿਲਾਂ ਹੀ ਸ਼ੰਘਾਈ ਭੇਜ ਦਿੱਤਾ ਸੀ ਕਿ ਉਹ ਕੈਨੇਡਾ ਜਾਣ ਦੇ ਇੱਛਕ ਉੱਥੇ ਬੈਠੇ ਮੁਸਾਫ਼ਰਾਂ ਦੇ ਮਨਾਂ ਵਿੱਚੋਂ ਸ਼ੰਕੇ ਅਤੇ ਡਰ ਦੂਰ ਕਰ ਸਕਣ ਪਰ ਇਸ ਦੇ ਬਾਵਜੂਦ ਇੱਥੋਂ ਵੀ ਜਹਾਜ਼ ਵਿੱਚ ਆਸ ਨਾਲੋਂ ਘੱਟ ਕੇਵਲ 111 ਮੁਸਾਫ਼ਰ ਸਵਾਰ ਹੋਏ। ਜਹਾਜ਼ ਦੇ ਅਗਲੇ ਦੋ ਪੜਾਅ ਜਪਾਨ ਦੀਆਂ ਬੰਦਰਗਾਹਾਂ ਮੋਜੀ ਅਤੇ ਯੋਕੋਹਾਮਾ 'ਤੇ ਸਨ। ਯੋਕੋਹਾਮਾ ਬੰਦਰਗਾਹ ਉੱਤੇ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲਣ ਲਈ ਤਿੰਨ ਵਿਸ਼ੇਸ਼ ਵਿਅਕਤੀ ਗਿਆਨੀ ਭਾਈ ਭਗਵਾਨ ਸਿੰਘ, ਮੌਲਵੀ ਬਰਕਤੁੱਲਾ ਅਤੇ ਪਿੱਛੋਂ ਭਾਈ ਬਲਵੰਤ ਸਿੰਘ ਆਏ। ਭਾਈ ਭਗਵਾਨ ਸਿੰਘ ਨੂੰ ਕੁਝ ਹੀ ਮਹੀਨੇ ਪਹਿਲਾਂ ਕੈਨੇਡਾ ਵਿਚਲੇ ਹਿੰਦੀਆਂ ਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੂੰ ਆਪਣੇ ਹਿੱਤਾਂ ਦੀ ਰੱਖਿਆ ਕਰਨ ਵਾਸਤੇ ਜਥੇਬੰਦੀ ਦਾ ਗਠਨ ਕਰਨ ਤੋਂ ਰੋਕਣ ਵਾਸਤੇ ਜ਼ਬਰਦਸਤੀ ਕੈਨੇਡਾ ਵਿੱਚੋਂ ਕੱਢਿਆ ਗਿਆ ਸੀ। ਉਸ ਨੇ ਆਪਣੀ ਹੱਡਬੀਤੀ ਸੁਣਾਉਣ ਦੇ ਨਾਲ-ਨਾਲ ਕੈਨੇਡਾ ਸਰਕਾਰ ਦੀ ਨਸਲੀ ਪਰਵਾਸੀ ਨੀਤੀ ਦੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਮੁਸਾਫ਼ਰਾਂ ਨੂੰ ਆ ਸਕਦੀਆਂ ਔਕੜਾਂ ਤੋਂ ਜਾਣੂ ਕਰਵਾਇਆ। ਭਾਈ ਬਲਵੰਤ ਸਿੰਘ ਕੈਨੇਡਾ ਵਸਦੇ ਹਿੰਦੀਆਂ ਦੇ ਦੁੱਖ ਹਿੰਦੁਸਤਾਨ ਸਰਕਾਰ ਨੂੰ ਦੱਸ ਕੇ ਉਨ੍ਹਾਂ ਦੇ ਹੱਲ ਵਾਸਤੇ ਮਦਦ ਕਰਨ ਲਈ ਇੱਕ ਡੈਪੂਟੇਸ਼ਨ ਬਣਾ ਕੇ ਦੇਸ਼ ਆਏ ਸਨ ਅਤੇ ਹਿੰਦੁਸਤਾਨ ਸਰਕਾਰ ਵੱਲੋਂ ਕੋਈ ਲੜ ਨਾ ਫੜਾਏ ਜਾਣ ਕਾਰਨ ਨਿਰਾਸ਼ ਹੋ ਕੇ ਵਾਪਸ ਕੈਨੇਡਾ ਜਾ ਰਹੇ ਸਨ। ਭਾਈ ਬਲਵੰਤ ਸਿੰਘ ਨੇ ਯੋਕੋਹਾਮਾ ਤੋਂ ਹੀ ਕੈਨੇਡਾ ਵਿਚਲੇ ਆਪਣੇ ਸਾਥੀਆਂ ਨੂੰ ਤਾਰ ਭੇਜ ਕੇ ਕਾਮਾਗਾਟਾਮਾਰੂ ਦੇ ਕੈਨੇਡਾ ਪਹੁੰਚਣ ਦੀ ਜਾਣਕਾਰੀ ਦਿੰਦਿਆਂ ਫੰਡ ਇਕੱਠਾ ਕਰਨ ਦੀ ਸਲਾਹ ਵੀ ਦਿੱਤੀ ਤਾਂ ਜੋ ਲੋੜ ਪੈਣ ਉੱਤੇ ਜਹਾਜ਼ ਦੇ ਮੁਸਾਫ਼ਰਾਂ ਦੀ ਮਦਦ ਕੀਤੀ ਜਾ ਸਕੇ। ਉਸ ਨੇ ਕੋਬੇ ਬੰਦਰਗਾਹ ਤਕ ਕਾਮਾਗਾਟਾਮਾਰੂ ਵਿੱਚ ਹੀ ਸਫ਼ਰ ਕੀਤਾ।

ਕਾਮਾਗਾਟਾਮਾਰੂ ਜਹਾਜ਼ ਵਿੱਚ ਮੋਜੀ ਤੋਂ 86 ਅਤੇ ਯੋਕੋਹਾਮਾ ਤੋਂ 14 ਮੁਸਾਫ਼ਰ ਸਵਾਰ ਹੋਣ ਨਾਲ ਇਨ੍ਹਾਂ ਦੀ ਗਿਣਤੀ 376 ਹੋ ਗਈ। ਭਾਈ ਬਲਵੰਤ ਸਿੰਘ ਦੀ ਯੋਜਨਾ ਇਹ ਸੀ ਕਿ ਇਸ ਜਹਾਜ਼ ਨੂੰ ਵੈਨਕੂਵਰ ਬੰਦਰਗਾਹ ਉੱਤੇ ਲਾਉਣ ਦੀ ਥਾਂ ਕਿਸੇ ਅਜਿਹੀ ਬੰਦਰਗਾਹ ਉੱਤੇ ਲਾਇਆ ਜਾਵੇ ਜਿੱਥੇ ਇਮੀਗ੍ਰੇਸ਼ਨ ਵਾਲੇ ਅੜਿੱਕਾ ਨਾ ਪਾ ਸਕਣ। ਇਸ ਮਨੋਰਥ ਲਈ ਉਹ ਕਾਮਾਗਾਟਾਮਾਰੂ ਨੂੰ ਕੈਨੇਡੀਅਨ ਪਾਣੀਆਂ ਤੋਂ ਬਾਹਰ ਮਿਲਣ ਲਈ ਇੱਕ ਛੋਟੀ ਬੇੜੀ ਵਿੱਚ ਸਵਾਰ ਹੋ ਕੇ ਨਿਕਲਿਆ ਪਰ ਜਹਾਜ਼ ਵਿੱਚ ਬੇਤਾਰ ਬਰਕੀ ਨਾ ਹੋਣ ਕਾਰਨ ਆਪਸ ਵਿੱਚ ਮੇਲ ਨਾ ਹੋ ਸਕਿਆ ਤੇ ਕਾਮਾਗਾਟਾਮਾਰੂ ਜਹਾਜ਼ 21 ਮਈ ਨੂੰ ਸਿੱਧਾ ਹੀ ਵਿਕਟੋਰੀਆ ਬੰਦਰਗਾਹ ਦੀ ਹੱਦ ਵਿੱਚ ਦਾਖ਼ਲ ਹੋ ਗਿਆ। ਕੈਨੇਡਾ ਸਰਕਾਰ ਨੇ ਕਾਮਾਗਾਟਾਮਾਰੂ ਨਾਲ ਨਿਪਟਣ ਦੇ ਅਗਾਊਂ ਕੀਤੇ ਪ੍ਰਬੰਧ ਅਨੁਸਾਰ ਚੋਰ ਬੱਤੀਆਂ ਵਾਲੇ ਜਹਾਜ਼ੀ ਪਹਿਰੇ ਵਿੱਚ ਲੈ ਕੇ 22 ਮਈ ਦੀ ਰਾਤ ਨੂੰ ਇਸ ਨੂੰ ਵੈਨਕੂਵਰ ਬੰਦਰਗਾਹ ਉੱਤੇ ਲਿਜਾ ਖੜ੍ਹਾ ਕੀਤਾ ਅਤੇ ਜਹਾਜ਼ ਉੱਪਰ ਗੋਰੇ ਸਿਪਾਹੀਆਂ ਦਾ ਪਹਿਰਾ ਲਗਾ ਦਿੱਤਾ। ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੇ ਜਹਾਜ਼ ਦੀ ਵਾਪਸੀ ਰਵਾਨਗੀ ਤੋਂ ਪਹਿਲਾਂ ਦੋ ਮਹੀਨੇ ਦਾ ਸਮਾਂ ਜਹਾਜ਼ ਅੰਦਰ ਰਹਿ ਕੇ ਕਿਨ੍ਹਾਂ ਔਕੜਾਂ ਅਤੇ ਮੁਸੀਬਤਾਂ ਵਿੱਚ ਬਿਤਾਇਆ, ਇਸ ਦਾ ਬਿਆਨ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ।



# ਪੰਜਾਬ ਦੇ ਸਿਆਸੀ ਸਮੀਕਰਨ ਵਿਚ ਉਭਰ ਰਹੇ ਨਵੇਂ ਸਵਾਲ ਅਤੇ ਲੋਕਾਂ ਦੀ ਪਹਿਲਕਦਮੀ



ਡਾ. ਭੀਮ ਇੰਦਰ ਸਿੰਘ

ਸੋਲ੍ਹਵੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਆ ਚੁੱਕੇ ਹਨ। ਪੰਜਾਬ ਵਿੱਚ ਇਹ ਨਤੀਜੇ ਹਿੰਦੁਸਤਾਨ ਦੇ ਬਾਕੀ ਸੂਬਿਆਂ ਨਾਲੋਂ ਵਿਲੱਖਣ ਅਤੇ ਵੱਖਰੇ ਰਹੇ ਹਨ। 'ਆਪ' ਦੇ ਉਭਾਰ ਨੇ ਇੱਥੋਂ ਦੇ ਸਿਆਸੀ ਸਮੀਕਰਨ ਬਦਲ ਦਿੱਤੇ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਮਿਲੀਆਂ ਚਾਰ ਸੀਟਾਂ ਅਤੇ ਲਗਪਗ ਪੱਚੀ ਫ਼ੀਸਦੀ ਵੋਟ ਹਿੱਸਾ ਨਵੇਂ ਸਿਆਸੀ ਪਰਿਵਰਤਨ ਦੀ ਆਹਟ ਹੈ। ਪੰਜਾਬ ਅਤੇ ਪਰਿਵਰਤਨਸ਼ੀਲਤਾ ਇੱਕੋ ਸਿੱਕੇ ਦੇ ਦੋ ਪਹਿਲੂ ਰਹੇ ਹਨ। ਇਹ ਪਰਿਵਰਤਨ ਸਿਰਫ਼ ਹੱਦਾਂ ਜਾਂ ਸਰਹੱਦਾਂ ਤਕ ਮਹਿਦੂਦ ਨਹੀਂ ਰਹੇ ਸਗੋਂ ਸਿਆਸਤ ਦੇ ਖੇਤਰ ਵਿੱਚ ਵੀ ਵਾਪਰਦੇ ਰਹੇ ਹਨ। ਇੱਥੋਂ ਦੇ ਭੂਗੋਲਿਕ, ਇਤਿਹਾਸਕ, ਸਮਾਜਿਕ ਅਤੇ ਆਰਥਿਕ ਪੱਖਾਂ ਨੇ ਪੰਜਾਬੀਆਂ ਦਾ ਨਿਵੇਕਲਾ ਸਿਆਸੀ ਇਤਿਹਾਸ ਸਿਰਜਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਵੈਦਿਕ ਕਾਲ ਤੋਂ ਲੈ ਕੇ ਸਿੱਖ ਇਨਕਲਾਬ ਤਕ ਪੰਜਾਬ ਨੇ ਨਵੇਂ ਵਿਚਾਰਾਂ ਅਤੇ ਵਿਹਾਰਾਂ ਨੂੰ ਫੈਲਾਉਣ ਵਿੱਚ ਪਹਿਲਕਦਮੀ ਕੀਤੀ ਹੈ। ਅੰਗਰੇਜ਼ਾਂ ਦੇ ਸੱਭਿਆਚਾਰਕ, ਆਰਥਿਕ ਅਤੇ ਸਮਾਜਿਕ ਮਾਡਲ ਦੀ ਸਾਮਰਾਜੀ ਧੌਂਸ ਨਾਲ ਦਸਤਪੰਜਾ ਲੈਣ ਵਿੱਚ ਵੀ ਪੰਜਾਬੀਆਂ ਨੇ ਕੋਈ ਢਿੱਲ ਨਹੀਂ ਛੱਡੀ। ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਪੈਪਸੂ ਮੁਜ਼ਾਰਾ ਲਹਿਰ ਅਤੇ ਅਕਾਲੀ ਮੋਰਚੇ ਪੰਜਾਬੀਆਂ ਦੀ ਸਿਆਸੀ ਪਹਿਲਕਦਮੀ ਦੇ ਗਵਾਹ ਹਨ। ਆਜ਼ਾਦੀ ਤੋਂ ਬਾਅਦ ਵੀ ਪੰਜਾਬੀਆਂ ਨੇ ਸਿਆਸੀ ਸਰਗਰਮੀਆਂ ਨੂੰ ਮੱਠਾ ਨਹੀਂ ਪੈਣ ਦਿੱਤਾ।

ਪੰਜਾਬ ਦੀਆਂ ਅਜੋਕੀਆਂ ਚੋਣਾਂ ਆਪਣੇ ਰੂਪ ਅਤੇ ਤੱਤ ਪੱਖੋਂ ਪਿਛਲੀਆਂ ਚੋਣਾਂ ਦੇ ਮੁਕਾਬਲੇ ਵੱਖਰੀਆਂ ਸਨ। ਇਨ੍ਹਾਂ ਚੋਣਾਂ ਵਿੱਚ ਸੂਚਨਾ ਕ੍ਰਾਂਤੀ, ਤਕਨੀਕ, ਪੂੰਜੀ, ਖੁੱਲ੍ਹੀ ਮੰਡੀ, ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਅਤੇ ਸ਼ੇਅਰ ਬਾਜ਼ਾਰ ਨੇ ਅਹਿਮ ਰੋਲ ਅਦਾ ਕੀਤਾ। ਇਨ੍ਹਾਂ ਚੋਣਾਂ ਵਿੱਚ ਕਾਰਪੋਰੇਟ ਪੂੰਜੀਵਾਦ ਦਾ ਪ੍ਰਭਾਵ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਰਪੂਰ ਰੂਪ ਵਿੱਚ ਵੇਖਣ ਨੂੰ ਮਿਲਿਆ। ਲੰਮੇ ਸਮੇਂ ਬਾਅਦ ਆਮ ਲੋਕਾਂ ਨੇ ਚੋਣਾਂ ਵਿੱਚ ਦਿਲਚਸਪੀ ਵਿਖਾਈ। ਕੇਜਰੀਵਾਲ ਦੀ ਅਗਵਾਈ ਵਿੱਚ ਦਿੱਲੀ ਵਿੱਚ ਹੋਏ ਆਮ ਆਦਮੀ ਪਾਰਟੀ ਦੇ ਸੱਤਾ ਪਰਿਵਰਤਨ ਨੇ ਪੰਜਾਬ ਦੇ ਲੋਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਹੀ ਕਾਰਨ ਸੀ ਕਿ ਕੇਜਰੀਵਾਲ ਦੀਆਂ ਰੈਲੀਆਂ ਅਤੇ ਰੋਡ ਸ਼ੋਆਂ ਵਿੱਚ ਪੰਜਾਬੀਆਂ ਦਾ ਭਰਪੂਰ ਇਕੱਠ ਉਮੜਦਾ ਰਿਹਾ। ਆਮ ਆਦਮੀ ਪਾਰਟੀ ਦੀ ਕਾਰਜਸ਼ੈਲੀ ਅਤੇ ਵਿਚਾਰਾਂ ਨੇ ਪੰਜਾਬੀਆਂ ਨੂੰ ਚੁੰਬਕ ਵਾਂਗ ਖਿੱਚਿਆ। ਇਸ ਖਿੱਚ ਦੇ ਸਿੱਟੇ ਵਜੋਂ ਇੱਥੋਂ ਦੀਆਂ ਹਾਕਮ ਪਾਰਟੀਆਂ ਦਾ ਕਾਡਰ ਅਤੇ ਵੋਟ ਬੈਂਕ ਖਿਸਕਣ ਲੱਗਾ। ਜਿਉਂ-ਜਿਉਂ ਵੋਟਾਂ ਦਾ ਦਿਨ ਨੇੜੇ ਆਉਂਦਾ ਗਿਆ ਤਿਉਂ-ਤਿਉਂ ਆਮ ਆਦਮੀ ਪਾਰਟੀ ਦੀ ਲਹਿਰ ਜ਼ੋਰ ਫੜਦੀ ਗਈ। ਅਖੀਰ ਵੋਟਾਂ ਵਾਲੇ ਦਿਨ ਇਸ ਲਹਿਰ ਵਿਚਲਾ ਵੱਡਾ ਹਿੱਸਾ 'ਆਪ' ਨੂੰ ਵੋਟ ਪਾਉਣ ਵਿੱਚ ਕਾਮਯਾਬ ਹੋਇਆ। ਇਸ ਵੋਟ ਬੈਂਕ ਦੇ ਖਿਸਕਣ ਨੇ ਜਿੱਥੇ ਅਕਾਲੀ-ਭਾਜਪਾ ਅਤੇ ਕਾਂਗਰਸ ਵਰਗੀਆਂ ਵੱਡੀਆਂ ਪਾਰਟੀਆਂ ਦੀ ਨੀਂਦ ਉਡਾ ਦਿੱਤੀ ਹੈ, ਉੱਥੇ ਇਸ ਨੇ ਇਨ੍ਹਾਂ ਪਾਰਟੀਆਂ ਦੁਆਰਾ ਪੰਜਾਬ ਦੇ ਲੋਕਾਂ ਉੱਪਰ ਥੋਪੀਆਂ ਲੋਕ-ਵਿਰੋਧੀ ਨੀਤੀਆਂ ਦੀ ਵੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਪੰਜਾਬ ਦੀਆਂ ਹਾਕਮ ਪਾਰਟੀਆਂ ਨੇ ਪਿਛਲੇ ਲੰਮੇ ਸਮੇਂ ਤੋਂ ਇੱਥੇ ਕਾਰਪੋਰੇਟ ਪੂੰਜੀਵਾਦੀ ਮਾਡਲ ਨੂੰ ਲਾਗੂ ਕੀਤਾ ਹੈ। ਇਸ ਮਾਡਲ ਦੇ ਸਿੱਟੇ ਵਜੋਂ ਪੰਜਾਬੀਆਂ ਦਾ ਆਰਥਿਕ ਧਰੁਵੀਕਰਨ ਡੂੰਘਾ ਹੁੰਦਾ ਗਿਆ। ਪੰਜਾਬ ਦੇ ਆਮ ਲੋਕ ਚੰਗੀ ਸਿਹਤ, ਸਿੱਖਿਆ, ਰੁਜ਼ਗਾਰ, ਸਾਫ਼-ਸੁਥਰੇ ਵਾਤਾਵਰਨ ਅਤੇ ਸ਼ੁੱਧ ਪਾਣੀ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਮਹਿਰੂਮ ਹੁੰਦੇ ਚਲੇ ਗਏ। ਰਹਿੰਦੀ ਕਸਰ ਰੇਤਾ-ਬੱਜਰੀ ਦੀ ਕਿੱਲਤ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਨੇ ਕੱਢ ਦਿੱਤੀ। ਹਾਕਮ ਪਾਰਟੀਆਂ ਨੇ ਨਵੇਂ-ਨਵੇਂ ਢੰਗ ਲੱਭ ਕੇ ਆਮ ਲੋਕਾਂ ਦੇ ਵਿਚਾਰਾਂ ਅਤੇ ਵਿਰੋਧਾਂ ਨੂੰ ਆਪਣੇ ਹਿੱਤਾਂ ਅਨੁਕੂਲ ਵਰਤਣ ਦੇ ਭਰਪੂਰ ਯਤਨ ਕੀਤੇ। ਆਟਾ-ਦਾਲ, ਸਾਈਕਲ ਸਕੀਮਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਗਈ। ਨਸ਼ਿਆਂ ਦੀ ਵਿਕਰੀ ਅਤੇ ਸਮਗਲਿੰਗ ਨੇ ਪੰਜਾਬ ਦੇ ਅਨੇਕਾਂ ਘਰ ਤਬਾਹ ਕਰ ਦਿੱਤੇ। ਪੰਜਾਬ ਵਿੱਚ ਸਿਆਸਤ ਦਾ ਅਪਰਾਧੀਕਰਨ ਅਤੇ ਅਪਰਾਧ ਦਾ ਸਿਆਸੀਕਰਨ ਬੜੀ ਤੇਜ਼ੀ ਨਾਲ ਹੋਇਆ। ਭੂ-ਮਾਫ਼ੀਆ, ਹੋਟਲ ਸਨਅਤਕਾਰ, ਠੇਕੇਦਾਰ, ਟਰਾਂਸਪੋਰਟਰ, ਡੇਰੇਦਾਰ, ਨਸ਼ਿਆਂ ਦੇ ਸਮੱਗਲਰ, ਬਲੈਕੀਏ, ਸਿੱਖਿਆ ਮਾਫ਼ੀਆ ਅਤੇ ਰੇਤ ਮਾਫ਼ੀਆ ਨੇ ਪੰਜਾਬ ਦੀ ਸਿਆਸਤ ਵਿੱਚ ਆਪਣੇ ਪੈਰ ਪਸਾਰ ਕੇ ਬੇਹੱਦ ਲਾਭ ਪ੍ਰਾਪਤ ਕੀਤਾ। ਪੰਜਾਬ ਦੀਆਂ ਹਾਕਮ ਧਿਰਾਂ ਨੇ ਬਹੁ-ਕੌਮੀ ਅਤੇ ਕੌਮੀ ਕਾਰਪੋਰੇਸ਼ਨਾਂ ਨੂੰ 'ਜੀ ਆਇਆਂ' ਕਿਹਾ ਅਤੇ ਇਨ੍ਹਾਂ ਕੋਲੋਂ ਵੱਡੇ ਪੱਧਰ 'ਤੇ ਕਮਿਸ਼ਨ ਖਾਧਾ। ਸਿੱਟੇ ਵਜੋਂ ਪੰਜਾਬ ਦੀ ਸਿਆਸਤ ਦੁਆਰਾ ਸ਼ੁਰੂ ਕੀਤੀਆਂ ਗਈਆਂ ਕਾਰਪੋਰੇਟ ਨੀਤੀਆਂ ਨੇ ਬੜੀ ਤੇਜ਼ੀ ਨਾਲ ਸੂਬੇ ਦੇ ਸੱਭਿਆਚਾਰ, ਆਰਥਿਕਤਾ, ਖੇਤੀਬਾੜੀ ਅਤੇ ਧਰਮ ਨੂੰ ਪ੍ਰਭਾਵਿਤ ਕੀਤਾ। ਪੰਜਾਬ ਵਿੱਚ ਸ਼ਹਿਰੀਕਰਨ ਦੇ ਫੈਲਾਅ ਕਾਰਨ ਕਾਰਪੋਰੇਟ ਖੇਤਰ ਨੇ ਆਪਣੀ ਪੂੰਜੀ ਪੰਜਾਬ ਦੀ ਕਿਸਾਨੀ ਦੀ ਜ਼ਮੀਨ ਆਪਣੇ ਕਬਜ਼ੇ ਵਿੱਚ ਕਰਨ ਲਈ ਵਰਤੀ। ਨਤੀਜੇ ਵਜੋਂ ਪੈਦਾ ਹੋਏ ਭੂ-ਮਾਫ਼ੀਆ ਦੀ ਸਿਆਸਤ ਵਿੱਚ ਸ਼ਮੂਲੀਅਤ ਨੇ ਨਵੇਂ ਸੰਕਟ ਪੈਦਾ ਕੀਤੇ। ਇਨ੍ਹਾਂ ਸੰਕਟਾਂ ਨੇ ਆਮ ਆਦਮੀ ਪਾਰਟੀ ਲਈ ਆਧਾਰ ਤਿਆਰ ਕੀਤਾ।

ਪੰਜਾਬ ਦੀਆਂ ਸਰਕਾਰਾਂ ਦੁਆਰਾ ਖੇਤੀਬਾੜੀ ਨੂੰ ਵੀ ਕਾਰਪੋਰੇਟ ਮਾਡਲ ਰਾਹੀਂ ਨਿਯੰਤਰਿਤ ਕਰਨ ਦੇ ਯਤਨ ਹੋਏ। ਇਨ੍ਹਾਂ ਯਤਨਾਂ ਦੇ ਸਿੱਟੇ ਵਜੋਂ ਪੰਜਾਬ ਦੀ ਕਿਸਾਨੀ ਖ਼ੁਦਕੁਸ਼ੀਆਂ ਦੇ ਰਾਹ ਤੁਰੀ ਪਰ ਵੱਖ-ਵੱਖ ਸਰਕਾਰਾਂ ਨੇ ਇਸ ਵੱਲ ਧਿਆਨ ਨਾ ਦਿੱਤਾ। ਸਰਕਾਰਾਂ, ਕਾਰਪੋਰੇਟ, ਨੌਕਰਸ਼ਾਹੀ ਅਤੇ ਅਮੀਰ ਕਿਸਾਨੀ ਨਾਲ ਪੰਜਾਬ ਦੀ ਗ਼ਰੀਬ ਕਿਸਾਨੀ ਦਾ ਵਿਰੋਧ ਡੂੰਘਾ ਹੁੰਦਾ ਗਿਆ। ਪੰਜਾਬ ਦੀਆਂ ਖੱਬੇ-ਪੱਖੀ ਪਾਰਟੀਆਂ ਅਤੇ ਧੜਿਆਂ ਨੇ ਇਸ ਵਿਰੋਧ ਨੂੰ ਵੋਟਾਂ ਰਾਹੀਂ ਆਪਣੇ ਹੱਕ ਵਿੱਚ ਭੁਗਤਾਉਣ ਵਿੱਚ ਸਫ਼ਲਤਾ ਹਾਸਲ ਨਾ ਕੀਤੀ। ਗ਼ਰੀਬੀ ਦੀ ਦਲਦਲ ਵਿੱਚ ਧਸੇ ਛੋਟੇ ਕਿਸਾਨ, ਮਜ਼ਦੂਰ, ਦਲਿਤ ਅਤੇ ਪੰਜਾਬ ਦੇ ਮੱਧ-ਵਰਗ ਦਾ ਵੱਡਾ ਹਿੱਸਾ ਕਿਸੇ ਨਵੇਂ ਸਿਆਸੀ ਬਦਲ ਦੀ ਤਲਾਸ਼ ਵਿੱਚ ਸੀ। ਇਨ੍ਹਾਂ ਦੀ ਇਹ ਤਲਾਸ਼ ਆਮ ਆਦਮੀ ਪਾਰਟੀ ਨੇ ਪੂਰੀ ਕੀਤੀ। ਮਸ਼ੀਨੀਕਰਨ ਦੇ ਹੜ੍ਹ ਕਾਰਨ ਇੱਥੋਂ ਦੇ ਦਲਿਤ ਵਰਗ ਲਈ ਕੰਮ ਦੇ ਮੌਕੇ ਸੀਮਤ ਹੋ ਗਏ ਸਨ। ਪੰਜਾਬ ਵਿੱਚ 'ਆਪ' ਦੀ ਆਮਦ ਨੇ ਦਲਿਤ ਭਾਈਚਾਰੇ ਨੂੰ ਆਪਣੇ ਨੇੜੇ ਕਰਨ ਵਿੱਚ ਸਹਾਇਤਾ ਕੀਤੀ।

ਪੰਜਾਬ ਦਾ ਮੱਧ-ਵਰਗ, ਜਿਸ ਵਿੱਚ ਵੱਡੀ ਗਿਣਤੀ ਵਿੱਚ ਦਰਮਿਆਨੀ ਕਿਸਾਨੀ, ਮੁਲਾਜ਼ਮ, ਵਿਦਿਆਰਥੀ, ਦਰਮਿਆਨੇ ਵਪਾਰੀ, ਛੋਟੇ ਕਾਰਖਾਨੇਦਾਰ ਅਤੇ ਦੁਕਾਨਦਾਰ ਸ਼ਾਮਲ ਹਨ, ਆਰਥਿਕ ਤੇ ਸਿਆਸੀ ਤੌਰ 'ਤੇ ਹਾਕਮ ਪਾਰਟੀਆਂ ਤੋਂ ਮਾਰ ਖਾਂਦਾ ਰਿਹਾ ਹੈ। ਇਹ ਆਪਣੀਆਂ ਲੋੜਾਂ ਅਤੇ ਹਿੱਤਾਂ ਮੁਤਾਬਿਕ ਕਦੇ ਕਾਂਗਰਸ ਤੇ ਕਦੇ ਅਕਾਲੀ-ਭਾਜਪਾ ਵੱਲ ਝੁਕਦਾ ਰਿਹਾ ਹੈ। ਇਹ ਵਰਗ ਅਕਸਰ ਸਿਆਸੀ ਤੌਰ 'ਤੇ ਦੁਬਿਧਾ ਦਾ ਸ਼ਿਕਾਰ ਹੁੰਦੇ ਰਹੇ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਮਕਬੂਲ ਅਤੇ ਪਕੇਰਾ ਕਰਨ ਵਿੱਚ ਇਸ ਵਰਗ ਦਾ ਵੱਡਾ ਰੋਲ ਹੈ। ਇਸ ਵਰਗ ਦੀ ਸਿਆਸੀ ਸਰਗਰਮੀ ਪਿਛਲੀਆਂ ਸਰਕਾਰਾਂ ਬਣਾਉਣ ਅਤੇ ਉਲਟਾਉਣ ਵਿੱਚ ਅਹਿਮ ਯੋਗਦਾਨ ਪਾਉਂਦੀ ਰਹੀ ਹੈ। ਇਸ ਵਾਰ ਅਤੇ ਭਵਿੱਖ ਵਿੱਚ ਵੀ ਇਹ ਵਰਗ ਆਮ ਆਦਮੀ ਪਾਰਟੀ ਦੇ ਪੈਰ ਜਮਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ।

ਪਿਛਲੇ ਸਮੇਂ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਭਾਵੇਂ ਧਾਰਮਿਕ ਮੂਲਵਾਦ ਅਤੇ ਕੇਂਦਰ ਨਾਲ ਤਣਾਅ ਵਿੱਚ ਕਮੀ ਆਈ ਪਰ ਵੱਖ-ਵੱਖ ਪਾਰਟੀਆਂ ਵਿੱਚ ਮੌਕਾਪ੍ਰਸਤੀ, ਪਰਿਵਾਰਵਾਦ ਤੇ ਗੁਰੁੱਪਬਾਜ਼ੀ ਦੀ ਸਿਆਸਤ ਵਿੱਚ ਭਰਪੂਰ ਵਾਧਾ ਹੋਇਆ। ਅਜਿਹੀ ਸਿਆਸਤ ਦਾ ਲਾਭ ਆਮ ਆਦਮੀ ਪਾਰਟੀ ਨੂੰ ਹੋਇਆ। ਭਵਿੱਖ ਵਿੱਚ ਅਕਾਲੀ ਦਲ (ਬਾਦਲ), ਭਾਜਪਾ ਅਤੇ ਕਾਂਗਰਸ ਦੀ ਅਸੰਤੁਸ਼ਟ ਲੀਡਰਸ਼ਿਪ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਸਕਦੀ ਹੈ। ਪੰਜਾਬ ਦੀਆਂ ਕਈ ਖੱਬੇ-ਪੱਖੀ ਪਾਰਟੀਆਂ ਅਤੇ ਗਰੁੱਪਾਂ ਨੇ ਭਾਵੇਂ ਆਮ ਆਦਮੀ ਪਾਰਟੀ ਦੀ ਆਮਦ ਨੂੰ 'ਜੀ ਆਇਆਂ' ਨਹੀਂ ਕਿਹਾ ਪਰ ਇਨ੍ਹਾਂ ਦਾ ਇੱਕ ਹਿੱਸਾ 'ਆਪ' ਵੱਲ ਝੁਕਿਆ ਹੈ। ਇਸੇ ਤਰ੍ਹਾਂ ਅਕਾਲੀ ਦਲ (ਬਾਦਲ) ਦੀ ਬਦਲ ਰਹੀ ਸਿਆਸਤ ਤੋਂ ਪ੍ਰੇਸ਼ਾਨ ਅਕਾਲੀ ਲੀਡਰ ਅਤੇ ਸਿੱਖ ਜਥੇਬੰਦੀਆਂ ਜਾਂ ਪਾਰਟੀਆਂ ਨੇ ਆਮ ਆਦਮੀ ਪਾਰਟੀ ਨੂੰ ਭਰਪੂਰ ਸਮਰਥਨ ਦਿੱਤਾ ਹੈ। ਇਸ ਦਾ ਮੁੱਖ ਕਾਰਨ 'ਆਪ' ਵੱਲੋਂ ਦਿੱਲੀ ਦੰਗਿਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਵੀ ਹੈ। ਜੇ ਆਮ ਆਦਮੀ ਪਾਰਟੀ ਆਪਣੀ ਉਦਾਰਵਾਦੀ ਸੋਚ ਨੂੰ ਪ੍ਰਮੁੱਖਤਾ ਦਿੰਦੀ ਹੋਈ ਘੱਟ- ਗਿਣਤੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਹੱਲ ਕਰਨ ਦਾ ਯਤਨ ਕਰਦੀ ਹੈ ਤਾਂ ਇਹ ਅਕਾਲੀ ਦਲ ਦਾ ਵੋਟ ਬੈਂਕ ਤੋੜਨ ਵਿੱਚ ਸਫ਼ਲਤਾ ਹਾਸਲ ਕਰ ਸਕਦੀ ਹੈ।

ਪੰਜਾਬ ਦੀਆਂ ਅਮੀਰ ਜਮਾਤਾਂ ਸਿਆਸਤ 'ਤੇ ਕਾਬਜ਼ ਹੋ ਕੇ ਇੱਥੋਂ ਦੇ ਧਰਮ, ਉਦਯੋਗ, ਟਰਾਂਸਪੋਰਟ, ਮੀਡੀਆ, ਭੂਮੀ, ਸਿੱਖਿਆ, ਰੇਤਾ, ਬੱਜਰੀ ਆਦਿ 'ਤੇ ਕਾਬਜ਼ ਹੋ ਚੁੱਕੀਆਂ ਹਨ। ਪੰਜਾਬ ਦੀ ਜ਼ਮੀਨ, ਜਲਵਾਯੂ ਅਤੇ ਜਵਾਨੀ ਸੰਕਟ ਵਿੱਚ ਹਨ। ਪੰਜਾਬੀ ਭਾਸ਼ਾ, ਸੱਭਿਆਚਾਰ, ਸਿੱਖਿਆ, ਸਾਹਿਤ ਅਤੇ ਸਿਹਤ ਦੇ ਮੁੱਦੇ ਪੰਜਾਬ ਦੀ ਸਿਆਸਤ ਵਿੱਚੋਂ ਗਾਇਬ ਹੁੰਦੇ ਜਾ ਰਹੇ ਹਨ। ਆਮ ਆਦਮੀ ਪਾਰਟੀ ਭਵਿੱਖ ਵਿੱਚ ਇਨ੍ਹਾਂ ਸੰਕਟਾਂ ਅਤੇ ਮੁੱਦਿਆਂ ਨੂੰ ਸਿਆਸਤ ਦੇ ਕੇਂਦਰ ਵਿੱਚ ਲਿਆ ਕੇ ਆਪਣਾ ਆਧਾਰ ਤਿਆਰ ਕਰ ਸਕਦੀ ਹੈ। ਇਸ ਸਮੇਂ ਪੰਜਾਬ ਦੀ ਆਰਥਿਕਤਾ ਅਤੇ ਸਿਆਸਤ ਨੂੰ ਸਕਾਰਾਤਮਕ ਲੀਹਾਂ 'ਤੇ ਤੋਰਨਾ ਜ਼ਰੂਰੀ ਹੈ। ਆਮ ਆਦਮੀ ਪਾਰਟੀ ਨੂੰ ਮਜ਼ਬੂਤ ਜਥੇਬੰਦੀ ਅਤੇ ਵਿਚਾਰਧਾਰਕ ਸਪਸ਼ਟਤਾ ਦੀ ਬੇਹੱਦ ਲੋੜ ਹੈ। ਆਪਣੀਆਂ ਗ਼ਲਤੀਆਂ ਤੋਂ ਸਿੱਖ ਕੇ ਆਮ ਆਦਮੀ ਪਾਰਟੀ ਨੂੰ ਆਪਣੀ ਰਚਨਾਤਮਕ ਸਿਆਸਤ ਰਾਹੀਂ ਆਮ ਲੋਕਾਂ ਦੇ ਮੁੱਦਿਆਂ ਨੂੰ ਉਭਾਰ ਕੇ ਪੰਜਾਬ ਦੀ ਪਰੰਪਰਾਗਤ ਸਿਆਸਤ ਨੂੰ ਪਛਾੜਨਾ ਪਵੇਗਾ।

ਪੰਜਾਬੀਆਂ ਨੇ ਆਪਣੇ ਵੱਖਰੇ ਸੁਭਾਅ ਕਰਕੇ ਨਵੇਂ ਤਜਰਬਿਆਂ ਅਤੇ ਵਿਚਾਰਾਂ ਨੂੰ ਗ੍ਰਹਿਣ ਕਰਨ ਵਿੱਚ ਹਮੇਸ਼ਾਂ ਪਹਿਲਕਦਮੀ ਕੀਤੀ ਹੈ। ਇਸ ਵਾਰ ਦੀਆਂ ਲੋਕ-ਸਭਾ ਚੋਣਾਂ ਦੇ ਨਤੀਜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੰਜਾਬੀ ਨਵੇਂ ਸਿਆਸੀ ਵਿਚਾਰਾਂ ਨੂੰ ਅਪਨਾਉਣ ਵਿੱਚ ਵੀ ਬਾਜ਼ੀ ਮਾਰ ਸਕਦੇ ਹਨ। ਪੰਜਾਬ ਦੀਆਂ ਲੋਕ-ਪੱਖੀ ਤਾਕਤਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੂਬੇ ਨੂੰ ਵੱਖ-ਵੱਖ ਸੰਕਟਾਂ ਵਿੱਚੋਂ ਕੱਢਣ ਲਈ ਇੱਕਜੁਟ ਹੋਣ ਅਤੇ ਲੰਮੇ ਦਾਅ ਤੇ ਸਮਝਦਾਰੀ ਨਾਲ ਲੜਨ। ਆਮ ਆਦਮੀ ਪਾਰਟੀ ਨੂੰ ਨਵ-ਸਾਮਰਾਜੀ ਸਿਆਸਤ ਨਾਲ ਲੜਨ ਲਈ ਉਨ੍ਹਾਂ ਹਮਖ਼ਿਆਲੀ ਪਾਰਟੀਆਂ, ਗਰੁੱਪਾਂ ਅਤੇ ਵਿਅਕਤੀਆਂ ਵੱਲ ਵੀ ਹੱਥ ਵਧਾਉਣਾ ਚਾਹੀਦਾ ਹੈ ਜੋ ਪਿਛਲੇ ਲੰਮੇ ਸਮੇਂ ਤੋਂ ਆਮ ਲੋਕਾਂ, ਕਿਰਤੀਆਂ, ਕਿਸਾਨਾਂ, ਦਲਿਤਾਂ, ਘੱਟ- ਗਿਣਤੀਆਂ, ਔਰਤਾਂ ਤੇ ਸ਼ੁੱਧ ਵਾਤਾਵਰਨ ਲਈ ਲੜ ਰਹੇ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਫ਼ੌਰੀ ਲੋੜ ਹੈ ਕਿ ਇਹ ਜਲਦੀ ਆਪਣਾ ਜਥੇਬੰਦਕ ਢਾਂਚਾ ਤਿਆਰ ਕਰ ਕੇ ਨਵ-ਸਾਮਰਾਜੀ ਸਿਆਸਤ ਦੇ ਸਤਾਏ ਲੋਕਾਂ ਦੀ ਬਾਂਹ ਫੜੇ ਅਤੇ ਆਮ ਲੋਕਾਂ ਦੇ ਇਸ ਸਿਆਸੀ ਉਭਾਰ ਨੂੰ ਸਹੀ ਦਿਸ਼ਾ ਦੇਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਆਮ ਆਦਮੀ ਪਾਰਟੀ ਨੂੰ ਇਤਿਹਾਸ ਦਾ ਇੱਕ ਪੰਨਾ ਬਣਦਿਆਂ ਦੇਰ ਨਹੀਂ ਲੱਗੇਗੀ।


Avon Accounting & Tax Services

Personal Tax Returns (T1)
Self Employed
Taxi Business

Corporate Tax Returns (T2)
GST / Payrolls / ROE
WCB Returns

Tax Planning & Advisory Services
Weekends/Evenings Services also available.

Tel: 403-561-9011
Tel: 403-479-4220
Pandher_2004@yahoo.com or singhh73@gmail.com

# Ontario job : Situation still in need of a helping hand



**Kaylie Tiessen**

Canada's Auditor General published a report warning that Statistics Canada's job vacancy data still leaves many people in the dark about the type of skills in demand and the regions with job vacancies present.

The Statistics Canada Labour Force Survey made headlines as economists pointed out the data collected through the survey could be more robust than it currently is.

Though the Labour Force Survey could be better, it does tell us something valuable about Ontario's labour market this month: the province's job situation is still in need of a helping hand.

Ontario created 17,600 net new jobs in the month of April; this includes an increase of 25,800 full-time jobs and a loss of more than 8,000 part-time jobs.

These employment gains were attained almost solely by women. Female employment grew by 26,000 during the month of April – 65% of them going to women aged 15-24 – while male employment actually declined by 8,000 jobs.

Even in the face of employment gains, the unemployment rate increased slightly, to 7.4%, as more people joined the labour force and began looking for work. That's a sign that discouraged workers are rejoining the labour force after putting their job search on hiatus.

With an unemployment rate still one percentage point higher than the pre-recession level, these numbers show that competition for existing jobs continues to be fierce in Ontario.

Case in point: youth unemployment sits at 15.4%, a slight drop from March but still more than double the provincial average.

A peek at large metropolitan areas across the province reveals that Peterborough once again has the highest unemployment rate in the province (it did so last month too). At 11.6%, it's also the highest unemployment rate amog all cities across the country. In Ontario, Windsor and St. Catharines share second spot for unemployment – each with an unemployment rate of 9.3%.

The current election period promises even more headlines on the job front – but addressing the systemic shift that's been underway in Ontario's labour market continues to take a sideline to wedge issue politics.

For his part, Progressive Conservative Leader Tim Hudak promised today to kill 100,000 public sector jobs; jobs that more often than not offer decent pay and the possibility of a middle class lifestyle. The loss of these jobs in regions that are already struggling with low to no job growth would just be one more blow to the local economy.

Liberal Leader Kathleen Wynne has promoted her plan to increase jobs in Ontario through targeted investment and infrastructure development to attract high quality jobs to Ontario.

And NDP Leader Andrea Horwath has been talking about rewarding employers who hire with tax credits.

Whatever the promise, this month's numbers show that Ontario is in need of a well developed, long-term jobs strategy to promote good jobs in Ontario. With frequent news of plant closures in the province, a bigger vision for job protection and job creation is in order.

So far, none of the three main political parties has found the sweet spot on this issue.

Kaylie Tiessen is an economist with the Ontario Office of the Canadian Centre for Policy Alternatives (CCPA Ontario). Follow her on Twitter @kaylietiessen





# People's Needs, Not Corporate Greed! Another Ontario is Possible!

Elections




Former Public School Trustee Elizabeth Hill has launched her campaign for election in Brampton Springdale.

A Trustee for 18 years, Ms Hill has fought hard for adequate provincial funding so that every student has access to a high quality public education. "A needs-based funding formula is urgent, long overdue, and at the core of delivering quality education to our youth" she said.

Ms Hill is opposed to the sell-off of schools and school property to offset inadequate provincial funding for education. "Brampton needs more land and more schools - not less" she said.

Ms Hill is a strong advocate of a single, secular school system open to all. "The United Nations has condemned Ontario for funding religious education for one faith. The remedy is one public, secular system, that's well-funded and open to all students regardless of their religion, gender, nationality or place of origin."

Ms Hill has sharply condemned both Liberal and Tory governments for their attacks on free collective bargaining. "The Liberals suspended free collective bargaining in the education sector, creating chaos across the province. Now the Tories want to eliminate labour rights with "right-to-work (for less)" laws that will create permanent chaos in Ontario."

"But good government should protect our labour and democratic rights, our children's right to a quality education and a debt-free post-secondary education, and our community's right to local autonomy and democracy, and good public services" she said.

Ms Hill is committed to bringing a university campus to Brampton, and to introducing legislation to bring public auto insurance to Ontario.

"Public auto insurance will cut insurance premiums in half, while increasing benefits to cover the full costs of medical care and recovery. Public auto insurance has worked well in four provinces for almost 40 years. "The parties in Queen's Park all received donations from the super-profitable insurance companies - profits that came out of the pockets of working people who need a car to get to work and get around. It's time for a real change."

Ms Hill has also been a sharp critic of healthcare policy in Ontario, citing the Osler hospital as the wrong way to build hospitals. "Instead of fat profits for investors with P-3 hospitals, Ontario should raise corporate taxes and build public hospitals with sufficient beds and nurses to meet the needs of the population. And the government should stop closing public hospitals and farming out services to private for-profit clinics. That's bad for health, and bad for the people of Brampton."

Elizabeth Hill is campaigning to make people's needs the priority - not corporate greed.

She is available for interviews and comments throughout the campaign.

# THE TAX POEM

**Sukhjot Naroo**

At first I thought this was funny....
Then I realized the awful truth of it.
Be sure to read all the way to the end!
Tax his land, Tax his bed,
Tax the table At which he's fed.
Tax his tractor, Tax his mule,
Teach him taxes Are the rule.
Tax his work, Tax his pay,
He works for peanuts Anyway!
Tax his cow, Tax his goat,
Tax his pants, Tax his coat.
Tax his ties, Tax his shirt,
Tax his work, Tax his dirt.
Tax his tobacco, Tax his drink,
Tax him if he Tries to think.
Tax his cigars, Tax his beers,
If he cries Tax his tears.
Tax his car, Tax his gas,
Find other ways......
Tax all he has Then let him know
That you won't be done Till he has no dough.
When he screams and hoilers,
Then tax him some more,
Tax him till He's good and sore.
Then tax his coffin, Tax his grave,
Tax the sod in Which he's laid.
Put these words Upon his tomb,
'Taxes drove me to my doom...'
When he's gone, Do not relax,
Its time to apply
The inheritance tax.,

Accounts Receivable Tax
Airline surcharge tax
Airline Fuel Tax
Airport Maintenance Tax
Building Permit Tax
Cigarette Tax
Corporate Income Tax
Death Tax
Dog License Tax
Drivng Permit Tax
Excise Taxes
Federal Income Tax
Federal Unemployment (UI)
Fishing License Tax
Food License Tax
Petrol Tax ( too much per litre)
Gross Receipts Tax
Health Tax
Hunting License Tax
Hydro Tax
Inheritance Tax
Interest Tax
Liquor Tax
Luxury Taxes
Marriage License Tax
Medicare Tax
Mortgage Tax
Personal Income Tax
Property Tax
Poverty Tax
Prescription Drug Tax
Property Tax
Provincial Income Tax
Real Estate Tax
Recreational Vehicle Tax
Retail Sales Tax
Service Charge Tax
School Tax
Telephone Tax
Telephone, Provincial and Local Surcharge Taxes
Telephone Minimum Usage Surcharge Tax
Vehicle License Registration Tax
Vehicle Sales Tax
Water Tax
Watercraft Registration Tax
Well Permit Tax
Workers Compensation Tax
Any Other ITEM not covered by the above list

STILL THINK THIS IS FUNNY?

Not one of these taxes existed 100 years ago and our nation was one of the most prosperous in the world. We had absolutely no national debt, had a large middle class, and Mom stayed home to raise the kids.

What in the hell happened? Can you spell 'politicians?'

# ਪੰਜਾਬੀ ਮੀਡੀਆ ਕਲੱਬ ਕੈਲਗਰੀ : ਸ਼ਾਨਦਾਰ ਪਹਿਲਕਦਮੀ



**ਬਲਜਿੰਦਰ ਸੰਘਾ**

ਕੈਨੇਡਾ ਦੇ ਕੈਲਗਰੀ ਸ਼ਹਿਰ ਵਿਚ ਪਿਛਲੇ ਡੇਢ ਕੁ ਦਹਾਕੇ ਦੌਰਾਨ ਪੰਜਾਬੀ ਮੀਡੀਏ ਨੇ ਆਪਣੀ ਪਛਾਣ ਬਣਾ ਲਈ ਹੈ, ਜਿੱਥੇ ਹੋਰ ਸਮਾਜਿਕ, ਆਰਥਿਕ, ਰਾਜਨੀਤਕ ਖੇਤਰ ਵਿਚ ਪੰਜਾਬੀ ਭਾਈਚਾਰੇ ਨੇ ਕਾਫੀ ਤਰੱਕੀ ਕੀਤੀ ਹੈ,ਉੱਥੇ ਇਸ ਤਰੱਕੀ ਦਾ ਅਦਾਨ-ਪ੍ਰਧਾਨ ਦੁਨੀਆਂ ਤੱਕ ਲੈਕੇ ਜਾਣ ਵਿਚ ਮੀਡੀਏ ਦਾ ਅਹਿਮ ਯੋਗਦਾਨ ਹੈ। ਕੈਲਗਰੀ ਸ਼ਹਿਰ ਵਿਚ ਹੁਣ ਬਹੁਤ ਸਾਰੇ ਪੰਜਾਬੀ ਦੇ ਅਖ਼ਬਾਰ, ਮੈਗਜ਼ੀਨ, ਰੇਡੀਓ ਸ਼ੋਅ, ਟੀ.ਵੀ. ਸ਼ੋਅ ਆਪਣੇ-ਆਪਣੇ ਢੰਗ ਨਾਲ ਸਮਾਜ ਵਿਚ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਇਹਨਾਂ ਖੇਤਰਾਂ ਨਾਲ ਜੁੜੇ ਵਿਆਕਤੀਆਂ ਦੇ ਸਾਂਝੇ ਪਲੇਟਫਾਰਮ ਲਈ ਹਰੇਕ ਸਾਲ ਪੰਜਾਬੀ ਮੀਡੀਆ ਕਲੱਬ ਦੀ ਕਮੇਟੀ ਦੀ ਚੋਣ ਕੀਤੀ ਜਾਂਦੀ ਹੈ। ਇਸ ਸਾਲ ਦੀ ਗਿਆਰਾਂ ਮੈਂਬਰੀ ਕਮੇਟੀ ਵਿਚ ਬੜੇ ਲੰਮੇ ਸਮੇਂ ਤੋਂ ਰੇਡੀਓ ਸੁਰਸੰਗਮ, ਰੇਡੀਓ ਸੁਰਸਾਗਰ ਐਡਮਿੰਟਨ ਅਤੇ ਪੰਜਾਬੀ ਨੈਸ਼ਨਲ ਅਖਬਾਰ ਕੱਢ ਰਹੇ ਰਣਜੀਤ ਸਿੰਘ ਸਿੱਧੂ ਨੂੰ ਮੀਡੀਆ ਕਲੱਬ ਦਾ ਪ੍ਰਧਾਨ ਚੁਣਿਆ ਗਿਆ, ਸੀਨੀਅਰ ਵਾਈਸ ਪ੍ਰਧਾਨ ਰਿਸ਼ੀ ਨਾਗਰ (ਰੇਡੀਓ ਰੈਡ. ਐਫ. ਐਮ) ਅਤੇ ਹੋਰ ਮੀਡੀਆ ਨਾਲ ਜੁੜੀਆਂ ਹਸਤੀਆਂ ਵਿਚੋਂ ਰਜੇਸ਼ ਅੰਗਰਾਲ ਜਰਨਲ ਸਕੱਤਰ, ਮਨਜੀਤ ਸਿੰਘ ਪਿਆਸਾ ਸਹਾਇਕ ਸਕੱਤਰ, ਵਾਈਸ ਪ੍ਰਧਾਨ ਈਵੈਂਟਸ ਸੁਰੀਤਮ ਰਾਏ, ਵਾਈਸ ਪ੍ਰਧਾਨ ਬਾਹਰੀ ਮਾਮਲੇ ਸ਼ਾਨ ਅਲੀ, ਖਜ਼ਾਨਚੀ ਸਤਵਿੰਦਰ ਸਿੰਘ, ਹਰਬੰਸ ਬੁੱਟਰ ਮੀਡੀਆ ਸਲਾਹਕਾਰ ਅਤੇ ਬਲਵੀਰ ਗੋਰਾ, ਜੈਸੀ ਸਿੰਘ, ਗੁਰਮੀਤ ਕੌਰ ਸਰਪਾਲ ਬੋਰਡ ਮੈਂਬਰ ਚੁਣੇ ਗਏ। ਚੋਣ ਸਲੈਕਸ਼ਨ ਕਮੇਟੀ ਦੀ ਜ਼ਿੰਮੇਵਾਰੀ ਹਰਚਰਨ ਸਿੰਘ ਪਰਹਾਰ ਅਤੇ ਬਲਜਿੰਦਰ ਸੰਘਾ ਵੱਲੋਂ ਨਿਭਾਈ ਗਈ। ਇਸ ਕਮੇਟੀ ਦੀ ਚੋਣ ਵਿਚ ਡੈਨ ਸਿੱਧੂ, ਸਤਪਾਲ ਕੌਸ਼ਲ, ਗੁਰਵਿੰਦਰ ਸਿੰਘ ਧਾਲੀਵਾਲ, ਜਸਜੀਤ ਧਾਮੀ, ਤਰਨਜੀਤ ਮੰਡ, ਗੁਰਬਚਨ ਬਰਾੜ, ਰਮਨਜੀਤ ਸਿੰਘ ਸਿੱਧੂ, ਪਰਮਜੀਤ ਸੂਰੀ, ਨਮਜੀਤ ਸਿੰਘ ਰੰਧਾਵਾ,ਸੁਰਿੰਦਰ ਰੰਦੇਵ,ਜਗਪ੍ਰੀਤ ਸ਼ੇਰਗਿੱਲ, ਕੁਲਵਿੰਦਰ ਕੌਰ, ਰਾਜ ਬਰਾੜ ਨੇ ਭਾਗ ਲਿਆ।

## ਬਹੁਤੇ ਬੰਦੇ ਜੱਗ ਤੇ ਆਖਣ



ਬਹੁਤੇ ਬੰਦੇ ਜੱਗ ਤੇ ਆਖਣ ਮੇਰੇ ਹੀ ਗੁਣ ਗਾਈ ਜਾ
ਤੂੰ ਆਪਣਾ ਦੀਨ ਈਮਾਨ ਵੇਚਕੇ ਮੇਰੀ ਟੌਹਰ ਵਧਾਈ ਜਾ
ਬਹੁਤੇ ਬੰਦੇ ਜੱਗ ਤੇ ਆਖਣ ਮੇਰੇ ਹੀ ਗੁਣ ਗਾਈ ਜਾ
ਆਪਣਾ ਆਪ ਨਾ ਕੋਈ ਪਛਾਣੇ, ਸਭ ਇੱਕ ਦੂਜੇ ਨੂੰ ਭੰਡਦੇ ਨੇ
ਨਫਰਤ ਦੇ ਦਰਿਆਵੀਂ ਡੁੱਬਦੇ, ਪਰ ਮੁਆਫੀ ਮੰਗਣੋ ਸੰਗਦੇ ਨੇ
ਜੋ ਸੱਚੀ ਗੱਲ ਮੂੰਹ ਤੇ ਆਖੇ, ਉਸਨੂੰ ਕਹਿਣ ਸੁਦਾਈਆ
ਬਹੁਤੇ ਬੰਦੇ ਜੱਗ ਤੇ ਆਖਣ ਮੇਰੇ ਹੀ ਗੁਣ ਗਾਈ ਜਾ
ਤੂੰ ਆਪਣਾ ਦੀਨ ਈਮਾਨ ਵੇਚਕੇ ਮੇਰੀ ਟੌਹਰ ਵਧਾਈ ਜਾ

ਹਰ ਮੰਡੀ ਤੇ ਝੂਠ ਵਿਕੇ ਹੁਣ, ਮੁੱਲ ਸੱਚ ਦਾ ਕੌਡੀ ਪੈਂਦਾ ਨਾ
ਡਰਨ ਝੂਠ ਦੀ ਰਾਣੀ ਤੋਂ, ਕੋਈ ਅੱਗਾ ਢੱਕਣ ਨੂੰ ਕਹਿੰਦਾ ਨਾ
ਦੱਸੋ, ਸੱਚ ਦਾ ਸੂਰਜ ਕਿਵੇਂ ਦਿਸੂ, ਜਦ ਧੁੰਦ ਝੂਠ ਦੀ ਛਾਈਆ
ਬਹੁਤੇ ਬੰਦੇ ਜੱਗ ਤੇ ਆਖਣ ਮੇਰੇ ਹੀ ਗੁਣ ਗਾਈ ਜਾ
ਤੂੰ ਆਪਣਾ ਦੀਨ ਈਮਾਨ ਵੇਚਕੇ ਮੇਰੀ ਟੌਹਰ ਵਧਾਈ ਜਾ

ਪੈਸਾ ਪਾ ਕੇ ਨਾਦਰ ਬਣ ਜਾਣ, ਕਈ ਦੇਖੇ ਬੁੱਧੂ ਲੀਰਾਂ ਦੇ
ਉਹ ਅਹਿਸਾਨਾਂ ਤੇ ਪੈਸੇ ਬਦਲੇ, ਸੌਦੇ ਕਰਨ ਜਮੀਰਾਂ ਦੇ
ਤਾਂਹੀਂ ਨੇਕੀ ਤੇ ਬਦੀਆਂ ਦੀ ਸੱਜਣੋ, ਰਹਿੰਦੀ ਸਦਾ ਲੜਾਈਆਂ
ਬਹੁਤੇ ਬੰਦੇ ਜੱਗ ਤੇ ਆਖਣ ਮੇਰੇ ਹੀ ਗੁਣ ਗਾਈ ਜਾ
ਤੂੰ ਆਪਣਾ ਦੀਨ ਈਮਾਨ ਵੇਚਕੇ ਮੇਰੀ ਟੌਹਰ ਵਧਾਈ ਜਾ

ਜੋ ਮੂੰਹ ਤੇ ਨੇ ਮਿੱਠੀਆਂ ਮਾਰਦੇ, ਉਹ ਪਿੱਠ ਤੇ ਛੁਰੀ ਚਲਾਉਂਦੇ ਨੇ
ਜਾਂ ਵੱਖਤ ਪਏ ਤੋਂ ਨੱਸ ਤੁਰਦੇ, ਆਪਣੀ ਅਸਲੀ ਔਕਾਤ ਦਿਖਾਉਂਦੇ ਨੇ
ਮੀਤਨੇ ਅੱਕਕੇ ਉਹਨਾਂ ਤਾਂਈ, ਆਖਰੀ ਫਤਿਹ ਬੁਲਾਈਆ
ਜਿਹੜੇ ਬੰਦੇ ਜੱਗ ਤੇ ਆਖਣ ਮੇਰੇ ਹੀ ਗੁਣ ਗਾਈ ਜਾ
ਤੂੰ ਆਪਣਾ ਦੀਨ ਈਮਾਨ ਵੇਚਕੇ ਮੇਰੀ ਟੌਹਰ ਵਧਾਈ ਜਾ

**ਗੁਰਮੀਤ ਸਿੰਘ ਬਰਾੜ (ਚੰਦ ਨਵਾਂ)**
416 271 0751










# ਤਨਖ਼ਾਹ ਸਜ਼ਾ ਨਹੀਂ ਹੁੰਦੀ

ਵਰਿੰਦਰ ਵਾਲੀਆ

ਗੁਰੂ ਗੋਬਿੰਦ ਸਿੰਘ ਦੇ ਰਚੇ ਹੋਏ ਇੱਕ ਸ਼ਬਦ ਦੀ ਤੁਕ ਬਦਲਣ ਦੇ ਦੋਸ਼ ਵਿੱਚ ਘਿਰੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਜਦੋਂ ਆਪਣੀ ਭੁੱਲ ਬਖ਼ਸ਼ਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਤਮਸਤਕ ਹੋਏ ਤਾਂ ਉਨ੍ਹਾਂ ਦਾ ਲਿਬਾਸ ਰਵਾਇਤੀ ਅਕਾਲੀ ਆਗੂ ਵਾਲਾ ਸੀ। ਨੀਲੀ ਦਸਤਾਰ ਸਜਾਈ ਤੇ ਦਾੜ੍ਹੇ ਦਾ ਪ੍ਰਕਾਸ਼ ਕਰ ਕੇ ਅਕਾਲ ਤਖ਼ਤ ਅੱਗੇ ਖੜ੍ਹਾ ਜੋਦੜੀ ਕਰ ਰਿਹਾ 'ਸਰਦਾਰ ਮਜੀਠੀਆ', ਮੰਤਰੀ ਅਤੇ ਯੂਥ ਅਕਾਲੀ ਦਲ ਦੇ ਸਰਬਰਾਹ ਦੀਆਂ ਪਦਵੀਆਂ ਹਰਿਮੰਦਰ ਸਾਹਿਬ ਦੀ ਹਦੂਦ ਤੋਂ ਬਾਹਰ ਛੱਡ ਕੇ ਨਿਮਾਣੇ ਸਿੱਖ ਵਜੋਂ ਹਾਜ਼ਰ ਹੋਇਆ ਸੀ।

'ਹੁਕਮਨਾਮੇ ਆਦੇਸ਼ ਸੰਦੇਸ਼ – ਸ੍ਰੀ ਅਕਾਲ ਤਖ਼ਤ ਸਾਹਿਬ' ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਰੂਪ ਸਿੰਘ ਲਿਖਦੇ ਹਨ,"ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਕੌਮ ਦਾ ਸਰਵ–ਉੱਚ ਅਸਥਾਨ ਹੈ। ਗੁਰੂ ਗ੍ਰੰਥ – ਗੁਰੂ ਪੰਥ ਨੂੰ ਤਨ–ਮਨ ਤੋਂ ਸਮਰਪਿਤ ਹੋਣਾ ਹੀ ਸਿੱਖੀ ਦੀ ਮੂਲ ਨਿਸ਼ਾਨੀ ਹੈ। ਇਤਿਹਾਸਕ ਹਵਾਲੇ ਮਿਲਦੇ ਹਨ : ਸਿੱਖ ਰਾਜੇ, ਮਿਸਲਾਂ ਦੇ ਸਰਦਾਰ, ਰਿਆਸਤਾਂ ਦੇ ਮੁਖੀ ਤੇ ਅਹਿਲਕਾਰ ਆਦਿ ਆਪਣੀ ਸ਼ਾਹੀ ਸ਼ਾਨੋ–ਸ਼ੌਕਤ, ਸ਼ਕਤੀ ਦੇ ਪ੍ਰਤੀਕ ਹਥਿਆਰ ਬਾਹਰ ਬੁੰਗਿਆਂ ਵਿੱਚ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ, ਗੁਰੂ ਪੰਥ ਨੂੰ ਰੋਮ–ਰੋਮ ਤੋਂ ਸਮਰਪਿਤ ਹੁੰਦੇ ਸਨ। ਸੰਸਾਰਕ ਮਾਣ–ਸਤਿਕਾਰ ਤੇ ਪਦਵੀਆਂ ਰੂਪੀ ਹੰਕਾਰ ਨੂੰ ਬਾਹਰ ਛੱਡ ਕੇ ਖ਼ਾਲਸੇ ਦੀ ਪ੍ਰਭੁਸੱਤਾ, ਸਰਵ–ਸ੍ਰੇਸ਼ਟਾ ਨੂੰ ਪ੍ਰਵਾਨ ਕਰ ਕੇ, ਵਿਲੱਖਣ ਹੋਂਦ ਹਸਤੀ ਤੇ ਰੂਹਾਨੀ ਬਖ਼ਸ਼ਿਸ਼ ਨੂੰ ਪ੍ਰਾਪਤ ਕਰਦੇ ਸਨ।"

ਟਕਸਾਲਾਂ ਵਿੱਚੋਂ ਲੰਘ ਕੇ ਆਏ ਟਕਸਾਲੀ ਨੇਤਾ ਅਕਾਲ ਤਖ਼ਤ ਵੱਲੋਂ ਸੁਣਾਈ ਧਾਰਮਿਕ ਸਜ਼ਾ (ਤਨਖ਼ਾਹ) ਨੂੰ ਖਿੜੇ ਮੱਥੇ ਸਵੀਕਾਰ ਕਰ ਲੈਂਦੇ ਹਨ। ਟਕਸਾਲ ਵਿੱਚ ਬਣੇ ਜਾਂ ਘੜੇ ਗਏ ਸਿੱਕੇ ਜਾਂ ਸਿੱਖ ਖੋਟੇ ਨਹੀਂ ਨਿਕਲਦੇ। ਟਕਸਾਲ ਵਿੱਚ ਪੜ੍ਹੇ ਜਾਂ ਘੜੇ ਗਏ ਅਕਾਲੀਆਂ ਦੀ ਜ਼ੁਬਾਨ ਕਦੇ ਟਪਲਾ ਨਹੀਂ ਸੀ ਖਾਂਦੀ। ਫਿਰ ਵੀ ਜੇ ਜਾਣੇ ਜਾਂ ਅਣਜਾਣੇ ਉਨ੍ਹਾਂ ਕੋਲੋਂ ਕੋਈ ਭੁੱਲ ਹੋ ਜਾਂਦੀ ਤਾਂ ਉਹ ਆਪਣੀ ਆਤਮਿਕ ਸ਼ੁੱਧੀ ਲਈ ਖ਼ੁਦ–ਬਖ਼ੁਦ ਅਕਾਲ ਤਖ਼ਤ ਦੇ ਸਨਮੁੱਖ ਪੇਸ਼ ਹੋ ਜਾਇਆ ਕਰਦੇ ਸਨ। ਅਕਾਲ ਤਖ਼ਤ ਬਖ਼ਸ਼ਿੰਦ ਹੈ। ਸ਼ਰਨ ਆਇਆਂ ਨੂੰ ਗੁਰੂ ਘਰ ਸਦਾ ਕੰਠ ਲਾਉਂਦਾ ਆਇਆ ਹੈ। ਅਕਾਲ ਤਖ਼ਤ ਵੱਲੋਂ ਲਗਾਈ ਗਈ ਤਨਖ਼ਾਹ ਨੂੰ ਰਵਾਇਤੀ ਸਿੱਖ ਸਜ਼ਾ ਵਜੋਂ ਨਹੀਂ ਸਨ ਲੈਂਦੇ। ਧਾਰਮਿਕ–ਦੰਡ ਨੂੰ ਉਹ ਕੁਠਾਲੀ ਵਾਂਗ ਮੰਨਦੇ ਸਨ। ਇੱਕ ਸਮਾਂ ਆਇਆ ਜਦੋਂ ਹਾਕਮ ਸ਼੍ਰੇਣੀ ਨਾਲ ਸਬੰਧਿਤ ਸੀਨੀਅਰ ਅਕਾਲੀ ਨੇਤਾਵਾਂ ਨੇ 'ਧਾਰਮਿਕ–ਦੰਡ' ਤੋਂ ਬਚਣ ਲਈ ਰਾਹ ਲੱਭਣੇ ਸ਼ੁਰੂ ਕਰ ਦਿੱਤੇ। ਅਜਿਹੇ ਵਰਤਾਰੇ ਤੋਂ ਬਾਅਦ ਸਿੰਘ ਸਾਹਿਬਾਨ 'ਤੇ ਪੱਖਪਾਤੀ ਹੋਣ ਦੇ ਦੋਸ਼ ਲੱਗਣੇ ਕੁਦਰਤੀ ਵਰਤਾਰਾ ਸਨ। ਕੌਮ ਦੇ ਫ਼ੈਸਲੇ ਨਜਿੱਠਣ ਵਾਲੇ ਜਥੇਦਾਰਾਂ ਦਰਮਿਆਨ ਮਤਭੇਦ ਵੀ ਸੁਰਖ਼ੀਆਂ ਬਣਦੇ ਆਏ ਹਨ। ਇੱਕ ਉਹ ਵੀ ਸਮਾਂ ਆਇਆ ਜਦੋਂ ਤਨਖ਼ਾਹ ਲਾਉਣ ਵਾਲਿਆਂ ਨੂੰ ਵੀ ਤਨਖ਼ਾਹ ਲੱਗ ਗਈ। ਸਿੰਘ ਸਾਹਿਬਾਨ ਵੱਲੋਂ ਤਨਖ਼ਾਹ ਦੇ 'ਘੱਟ–ਵੱਧ' ਲਗਾਉਣ ਬਾਰੇ ਵੀ ਉਂਗਲਾਂ ਉੱਠਦੀਆਂ ਆਈਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਨੂੰ ਸੁਣਾਈ ਗਈ ਤਨਖ਼ਾਹ ਤੋਂ ਛੱਬੀ ਸਾਲ ਬਾਅਦ ਅੱਜ ਤਕ ਇੰਨੀ ਸਖ਼ਤ ਧਾਰਮਿਕ ਸਜ਼ਾ ਨਹੀਂ ਸੁਣਾਈ ਗਈ। ਪੰਜ ਦਸੰਬਰ 1988 ਨੂੰ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਸਿੰਘ ਸਾਹਿਬਾਨ ਨੇ ਸ੍ਰੀ ਬਰਨਾਲਾ ਨੂੰ ਅਕਾਲ ਤਖ਼ਤ ਦੇ ਸੱਜੇ ਹੱਥ ਦੇ ਥੰਮਲੇ ਨਾਲ ਬੰਨ੍ਹ ਕੇ ਪੰਜ ਵਾਰ ਮੂਲ ਮੰਤਰ ਦੇ ਪਾਠ ਉਪਰੰਤ ਦੋ ਚੌਪਈ ਸਾਹਿਬ ਦੇ ਪਾਠ ਕਰਾਉਣ,'ਹਮ ਅਪਰਾਧੀ ਸਦ ਭੂਲਤੇ, ਤੁਮ ਬਖਸ਼ਨਹਾਰੇ' ਦੀ ਤਖ਼ਤੀ ਗਲ ਵਿੱਚ ਲਟਕਾ ਕੇ ਗੁਰੂ ਜੀ ਮਹਾਰਾਜ ਪਾਸੋਂ ਆਪਣੇ ਅਪਰਾਧ ਦੀ ਮੁਆਫ਼ੀ ਲਈ ਜੋਦੜੀ ਕਰਨ ਦਾ ਹੁਕਮ ਕੀਤਾ ਸੀ। ਇਹ ਵੀ ਹੁਕਮ ਹੋਇਆ ਕਿ ਜਿੰਨੇ ਦਿਨ ਸਜ਼ਾ (ਤਨਖ਼ਾਹ) ਚੱਲਦੀ ਰਹੇ, ਇਹ ਤਖ਼ਤੀ ਬਖ਼ਸ਼ੇ ਜਾਣ ਦੀ ਅਰਦਾਸ ਹੋਣ ਤਕ ਗਲ ਵਿੱਚ ਹਰ ਸਮੇਂ ਪਾ ਕੇ ਰੱਖੀ ਜਾਵੇ। ਇਸ ਤੋਂ ਇਲਾਵਾ ਆਤਮਾ ਦੀ ਪਾਕੀਜ਼ਗੀ ਲਈ ਪੰਜ ਅਖੰਡ ਪਾਠ ਕਰਵਾਉਣ ਤੇ ਖ਼ੁਦ ਸੁਣਨ ਦਾ ਵੀ ਹੁਕਮ ਹੋਇਆ। ਇਹ ਅਖੰਡ ਪਾਠ ਇਕੱਠੇ ਨਹੀਂ, ਬਲਕਿ ਇੱਕ ਤੋਂ ਬਾਅਦ ਦੂਜਾ, ਦੂਜੇ ਤੋਂ ਬਾਅਦ ਤੀਜਾ ੩ ਕਰਵਾਉਣ ਦਾ ਆਦੇਸ਼ ਸੀ। ਉਸ ਤੋਂ ਉਪਰੰਤ ਸੱਤ ਦਿਨ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਜੋੜਿਆਂ, ਝਾੜੂ ਅਤੇ ਜੂਠੇ ਬਰਤਨ ਮਾਂਜਣ ਦੀ ਸਜ਼ਾ ਸੁਣਾਈ ਗਈ ਸੀ। ਅਕਾਲ ਤਖ਼ਤ ਦੀ ਮੋਹਰ ਹੇਠ ਜਾਰੀ ਕੀਤੇ ਗਏ ਇਸ ਹੁਕਮਨਾਮੇ ਵਿੱਚ ਹੋਰਨਾਂ ਤੋਂ ਇਲਾਵਾ ਤਤਕਾਲੀ ਜਥੇਦਾਰ ਪ੍ਰੋ. ਦਰਸ਼ਨ ਸਿੰਘ ਦੇ ਦਸਤਖ਼ਤ ਸਨ। ਪ੍ਰੋ. ਸਾਹਿਬ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੂੰ ਅਕਾਲ ਤਖ਼ਤ ਦਾ ਜਥੇਦਾਰ ਹੋਣ ਦਾ ਮਾਣ ਮਿਲਣ ਤੋਂ ਬਾਅਦ ਫਿਰ ਪੰਥ ਵਿੱਚੋਂ ਛੇਕਿਆ (ਖਾਰਜ ਕਰਨਾ) ਗਿਆ। 'ਖ਼ਾਰਜ' ਅਰਬੀ ਸ਼ਬਦ 'ਖਾਰਿਜ' ਤੋਂ ਬਣਿਆ ਹੈ ਜਿਸ ਦਾ ਅਰਥ ਹੈ – ਬਾਹਰ ਕੱਢਣਾ, ਬੇਦਖ਼ਲ ਜਾਂ ਰੱਦ ਕਰਨਾ ਆਦਿ। ਬਰਨਾਲਾ ਨੂੰ ਇਸ ਲਈ ਸਖ਼ਤ ਸਜ਼ਾ ਦਿੱਤੀ ਗਈ ਸੀ ਕਿਉਂਕਿ ਉਨ੍ਹਾਂ ਨੇ ਅਕਾਲ ਤਖ਼ਤ ਦੇ ਆਦੇਸ਼ਾਂ ਦੇ ਬਾਵਜੂਦ ਆਪਣਾ ਵੱਖਰਾ ਅਕਾਲੀ ਦਲ (ਲੌਂਗੋਵਾਲ) ਭੰਗ ਨਹੀਂ ਸੀ ਕੀਤਾ। ਪ੍ਰੋ. ਦਰਸ਼ਨ ਸਿੰਘ ਵੱਲੋਂ ਦਸਮ ਗ੍ਰੰਥ ਬਾਰੇ ਕਿੰਤੂ–ਪ੍ਰੰਤੂ ਕਰਨ 'ਤੇ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਜਿਸ ਨੂੰ ਉਨ੍ਹਾਂ ਚੁਣੌਤੀ ਦਿੱਤੀ ਸੀ। ਬਰਨਾਲਾ ਤੋਂ ਪਹਿਲਾਂ ਤਤਕਾਲੀ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਮਣੇ ਉੱਗੇ ਇਮਲੀ ਦੇ ਰੁੱਖ ਨਾਲ ਬੰਨ੍ਹ ਕੇ ਕੋਰੜੇ ਮਾਰਨ ਦਾ ਹੁਕਮ ਜਾਰੀ ਕੀਤਾ ਸੀ। ਖਿੜੇ ਮੱਥੇ ਸਜ਼ਾ ਪ੍ਰਵਾਨ ਕਰਨ ਕਰਕੇ ਮਹਾਰਾਜਾ ਨੂੰ ਬਰੀ ਕਰ ਦਿੱਤਾ ਗਿਆ ਸੀ।

ਕੋਈ ਵੀ ਸੱਚਾ–ਸੁੱਚਾ ਸਿੱਖ ਅਕਾਲ ਤਖ਼ਤ ਵੱਲੋਂ ਸੁਣਾਈ ਤਨਖ਼ਾਹ ਨੂੰ ਸਜ਼ਾ ਨਹੀਂ ਸਗੋਂ ਇਸ ਨੂੰ ਅਹਿਸਾਸ ਜਾਂ ਅਪਣੱਤ ਵਜੋਂ ਲੈਂਦਾ ਆਇਆ ਹੈ। ਮਜੀਠੀਆ ਵੱਲੋਂ ਨਿਮਾਣੇ ਸਿੱਖ ਵਜੋਂ ਸਜ਼ਾ ਸਵੀਕਾਰ ਕਰਨ ਤੋਂ ਬਾਅਦ ਰਲਿਆ–ਮਿਲਿਆ ਪ੍ਰਤੀਕਰਮ ਹੋਇਆ ਹੈ। ਇੱਕ ਵਰਗ ਕਹਿੰਦਾ ਹੈ ਕਿ ਮਜੀਠੀਆ ਨੂੰ ਤਨਖ਼ਾਹ ਲਾਉਣ ਤੋਂ ਬਾਅਦ ਸਿੰਘ ਸਾਹਿਬਾਨ ਇਸ ਵਿਵਾਦ ਤੋਂ ਮੁਕਤ ਹੋ ਗਏ ਹਨ ਕਿ ਹਾਕਮ ਸ਼੍ਰੇਣੀ, ਵਿਸ਼ੇਸ਼ ਤੌਰ 'ਤੇ ਬਾਦਲ ਪਰਿਵਾਰ ਨਾਲ ਸਬੰਧਿਤ ਕਿਸੇ ਨੇਤਾ ਨੂੰ ਤੁਰੰਤ ਤਨਖ਼ਾਹ ਨਹੀਂ ਲਗਾਈ ਗਈ। ਕੱਟੜਪੰਥੀ ਇਸ ਨੂੰ 'ਮਾਮੂਲੀ' ਤਨਖ਼ਾਹ ਦੱਸ ਰਹੇ ਹਨ ਜਿਸ ਵਿੱਚ ਸੰਗਤ ਦੇ ਜੋੜੇ ਸਾਫ਼ ਕਰਨ ਦੀ ਸਜ਼ਾ ਸ਼ਾਮਲ ਨਹੀਂ ਹੈ। ਉਹ ਕਹਿੰਦੇ ਹਨ ਕਿ ਜੋੜੇ ਸਾਫ਼ ਕਰਨ ਨਾਲ ਹਲੀਮੀ ਆਉਂਦੀ ਹੈ।

ਹੁਕਮ, ਹੁਕਮਰਾਨ ਅਤੇ ਹੁਕਮਨਾਮੇ ਵੱਖੋ–ਵੱਖ ਸੰਦਰਭ ਵਿੱਚ ਵਰਤੇ ਜਾਣ ਵਾਲੇ ਸ਼ਬਦ ਹਨ। ਸਮੇਂ ਦੇ ਜ਼ਾਲਮ ਹੁਕਮਰਾਨਾਂ ਨੂੰ ਚੁਣੌਤੀ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਜਨਾ ਹੋਈ ਸੀ। ਅਕਾਲ ਤਖ਼ਤ ਦੁਨਿਆਵੀ ਤਖ਼ਤਾਂ ਨਾਲੋਂ ਵਿਲੱਖਣ ਹੋਂਦ ਰੱਖਦਾ ਹੈ। ਕੂੜ ਦਾ ਸੌਦਾ ਕਰਨ ਵਾਲੇ ਦੁਨਿਆਵੀ ਤਖ਼ਤ ਸਮੇਂ ਦੇ ਥਪੇੜਿਆਂ ਨਾਲ ਢਹਿ–ਢੇਰੀ ਹੁੰਦੇ ਰਹੇ ਹਨ। ਜੁਗੋ–ਜੁਗ ਅਟਲ ਤਖ਼ਤ ਅਕਾਲ ਪੁਰਖ ਦੀ ਨੁਮਾਇੰਦਗੀ ਕਰਦੇ ਹਨ। ਇਸੇ ਲਈ 'ਅਕਾਲ' ਦੀ ਮੂਲ ਪਰਿਭਾਸ਼ਾ ਮੁਤਾਬਿਕ,'ਨਿਰਭਉ ਤੇ ਨਿਰਵੈਰ' ਕਿਰਦਾਰ ਵਾਲਿਆਂ ਨੂੰ ਤਖ਼ਤਾਂ ਦੇ ਜਥੇਦਾਰ ਥਾਪਣ ਦੀ ਪਰੰਪਰਾ ਰਹੀ ਹੈ। ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਉਣ ਤੋਂ ਪਹਿਲਾਂ ਕਦੇ ਕਿਸੇ ਦਾ ਹੀਆ ਨਹੀਂ ਸੀ ਪਿਆ ਕਿ ਉਹ ਸਿੱਖ ਪ੍ਰਭੂਸੱਤਾ ਦੀ ਆਨ–ਸ਼ਾਨ ਵਾਲੇ ਤਖ਼ਤਾਂ ਵੱਲ ਉਂਗਲੀ ਵੀ ਕਰੇ। 'ਹੁਕਮ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੀ ਸੰਗਯਾ 'ਆਗਿਆ' ਜਾਂ 'ਫ਼ਰਮਾਨ' ਹੈ। ਹੁਕਮਰਾਨ ਵੱਲੋਂ ਜਾਰੀ ਕੀਤੇ ਜਾਣ ਵਾਲਾ ਕੋਈ ਹੁਕਮ ਉਸ ਦੀ ਹਉਮੈ ਨੂੰ ਪੱਠੇ ਪਾਉਣ ਵਾਲਾ ਹੁੰਦਾ ਸੀ। 'ਹੁਕਮਨਾਮਾ', ਧੁਰ ਕੀ ਬਾਣੀ ਦੀ ਲੋਅ ਵਿੱਚ ਜਾਰੀ ਕੀਤਾ ਜਾਂਦਾ ਹੈ। 'ਹੁਕਮਸਤਿ' (ਹੁਕਮਸੱਤ, ਹੁਕਮਸਤਯ) ਤੋਂ ਭਾਵ ਉਹ ਹੁਕਮ ਜਿਸ ਦੀ ਬੁਨਿਆਦ ਸਤਯ ਹੁੰਦੀ ਹੈ। 'ਹੁਕਮਨਾਮਾ' ਫ਼ਾਰਸੀ ਮੂਲ ਦਾ ਸ਼ਬਦ ਹੈ ਜਿਸ ਦਾ ਭਾਵ ਉਹ ਖ਼ਤ ਜਿਸ ਵਿੱਚ ਹੁਕਮ ਲਿਖਿਆ ਹੋਵੇ – ਸੱਚਾ ਹੁਕਮ। ਦੁਨਿਆਵੀ ਤਖ਼ਤਾਂ ਤੋਂ ਸੁਣਾਏ ਜਾਣ ਵਾਲੇ ਸ਼ਾਹੀ ਫ਼ਰਮਾਨਾਂ ਦੇ ਮੁਕਾਬਲੇ ਅਕਾਲ ਤਖ਼ਤ ਤੋਂ ਜਾਰੀ ਕੀਤੇ ਜਾਣ ਵਾਲੇ 'ਆਗਯਪਤ੍ਰ' ਨੂੰ ਸਿੱਖ ਸੰਗਤ ਪ੍ਰਵਾਨ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀ ਆਈ ਹੈ। ਹੁਕਮਨਾਮੇ ਦੀ ਹੁਕਮ–ਅਦੂਲੀ ਕਰਨ ਦਾ ਕੋਈ ਖ਼ੁਆਬ ਵੀ ਨਹੀਂ ਸੀ ਲੈਂਦਾ। ਹੁਕਮ ਵਿੱਚ ਰਹਿਣ ਨੂੰ ਲੋਕ ਆਪਣੇ ਧੰਨਭਾਗ ਸਮਝਦੇ ਸਨ। "ਹੁਕਮਿ ਮਿਲੈ ਵਡਿਆਈ" ਵਿੱਚ ਲੇਖਾਂ ਦੀ ਰਮਜ਼ ਛੁਪੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚੋਂ ਪੜ੍ਹਨ ਵਾਲੇ ਆਰੰਭਲੇ ਸ਼ਬਦ ਨੂੰ 'ਵਾਕ' ਜਾਂ ਮੁੱਖਵਾਕ ਕਿਹਾ ਜਾਂਦਾ ਹੈ। ਵਾਕ ਲੈਣ ਨੂੰ ਗੁਰੂ ਸਾਹਿਬ ਦਾ ਹੁਕਮ ਲੈਣਾ ਵੀ ਕਿਹਾ ਜਾਂਦਾ ਹੈ। ਇਸੇ ਵਿੱਚ ਹੁਕਮਨਾਮੇ ਦਾ ਮਨੋਰਥ ਜਾਂ ਉਪਦੇਸ਼ ਸਮੋਇਆ ਹੋਇਆ ਹੈ।

ਅਕਾਲ ਤਖ਼ਤ 'ਤੇ ਪੰਜਾਬੀ ਸੂਬਾ ਬਣਾਉਣ ਲਈ 'ਮਰਨ ਵਰਤ' ਦੀਆਂ ਅਰਦਾਸਾਂ ਕਰਨ ਤੋਂ ਬਾਅਦ ਉਨ੍ਹਾਂ ਨੂੰ ਭੰਗ ਕਰਨ ਵਾਲਿਆਂ ਨੂੰ ਵੀ ਤਨਖ਼ਾਹਾਂ ਲਗਾਈਆਂ ਗਈਆਂ ਸਨ। ਆਜ਼ਾਦੀ ਤੋਂ ਪਹਿਲਾਂ (23 ਮਈ 1924 ਨੂੰ) ਨਨਕਾਣਾ ਸਾਹਿਬ ਸਾਕੇ ਤੋਂ ਬਾਅਦ ਪੰਥ–ਦੋਖੀਆਂ ਨਾਲ ਹਮਦਰਦੀ ਜਤਾਉਣ ਵਾਲੇ ਬਾਬਾ ਕਰਤਾਰ ਸਿੰਘ ਬੇਦੀ ਨੂੰ ਅੰਮ੍ਰਿਤਸਰ ਤੋਂ ਨੰਗੇ ਪੈਰੀਂ ਚੱਲ ਕੇ ਨਨਕਾਣਾ ਸਾਹਿਬ ਪਹੁੰਚਣ ਅਤੇ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਝਾੜੂ ਫੇਰਨ ਦੀ ਧਾਰਮਿਕ ਸਜ਼ਾ ਲਗਾਈ ਗਈ ਸੀ।

ਅਕਾਲ ਤਖ਼ਤ ਨਾਲ ਸਿੱਖ ਸੰਗਤ, ਭਾਵਨਾਤਮਕ ਤੌਰ 'ਤੇ ਜੁੜੀ ਹੋਈ ਹੈ। ਇਸ ਨਾਲ ਅੰਤਰੀਵ ਭਾਵਨਾਵਾਂ ਜੁੜੀਆਂ ਹੋਈਆਂ ਹਨ। ਤਨਖ਼ਾਹ ਘੱਟ ਹੋਵੇ ਜਾਂ ਵੱਧ, ਇਹ ਸੰਕੇਤ ਮਾਤਰ ਹੁੰਦੀ ਹੈ। ਤਨਖ਼ਾਹ ਲੱਗਣ ਵੇਲੇ ਮਜੀਠੀਆ ਰਵਾਇਤੀ ਅਕਾਲੀ ਸਰੂਪ ਵਿੱਚ ਨਜ਼ਰੀਂ ਆਏ ਸਨ। ਉਹ ਯੂਥ ਅਕਾਲੀ ਦਲ ਦੇ ਪ੍ਰਧਾਨ ਹਨ, ਇਸ ਲਈ ਇਹ ਸਰੂਪ ਫੱਬਦਾ ਹੈ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਦਾੜ੍ਹੇ ਦਾ ਪ੍ਰਕਾਸ਼ ਕਰਨਾ ਸ਼ੁਰੂ ਕੀਤਾ ਸੀ ਤਾਂ ਉਹ ਸਿੱਖ ਸੰਗਤ ਵਿੱਚ ਵੱਧ ਪ੍ਰਵਾਨ ਹੋਏ ਸਨ। ਨਵੀਂ ਪੀੜ੍ਹੀ ਚਾਹੇ ਤਾਂ ਅਕਾਲੀ ਦਲ ਦੇ ਸਰਪ੍ਰਸਤ ਦੇ ਤਜਰਬੇ ਤੋਂ ਪ੍ਰਕਾਸ਼ਮਾਨ ਹੋ ਸਕਦੀ ਹੈ।



*ਸਿੱਖ ਧਰਮ ਦੀ ਸਭ ਤੋਂ ਵੱਡੀ ਖੂਬਸੂਰਤੀ ਹੈ ਕਿ ਇਸ ਰਾਹੀਂ ਇਕ ਬਦਲਵੀਂ ਰਾਜਨੀਤੀ ਦੀ ਧਾਰਨਾ ਦਾ ਵਿਕਾਸ ਹੋਇਆ ਜਿਸ ਵਿਚ ਕਿਰਤ ਕਰਨ ਵਾਲੇ ਲੋਕਾਂ ਨੂੰ ਰੀੜ ਦੀ ਹੱਡੀ ਸਮਝਿਆ ਜਾਂਦਾ ਹੈ। ਪ੍ਰੰਤੂ ਸਮੇਂ ਦੀਆਂ ਪ੍ਰਸਥਿਤੀਆਂ ਅਤੇ ਰਾਜਨੀਤਕ ਲੋੜਾਂ ਤਹਿਤ ਸੱਤਾ ਅਤੇ ਧਰਮ ਦਾ ਸੁਮੇਲ ਸੱਤਾ ਤੱਕ ਰਹਿ ਗਿਆ ਹੈ। ਆਮ ਲੋਕ ਇਸ ਵਿਚ ਵਿਸ਼ਵਾਸ ਅਤੇ ਤਬਦੀਲੀ ਦੀ ਆਸ ਨਾਲ ਆਉਂਦੇ ਹਨ। ਇਹ ਸਵਾਲ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਮੁੜ ਉਭਰਨਾ ਚਾਹੀਦਾ ਹੈ।*


CHERA IMMIGRATION CONSULTANCY SERVICES
22 Years of Service
Specializing in:
• Appeals
• H&C Cases
• PRRA Appeals
• Sponsorships
• Refugee Claims
• Admissibility Hearings
• Super Visa / Affidavits/ Declarations
• Skilled Workers
• Citizenship Matters
• Work/Study Permits
WE PROVIDE ALL IMMIGRATION AND CITIZENSHIP SERVICES.
Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com

2355 Derry Rd. E. Unit # 35 Skyport Corporate Centre Mississauga, ON. L5S 1V6

Brampton
www.BcVc.info
Brampton Crematorium & Visitation Centre
30 Bramwin Court, Brampton, ON, L6T 5A9
* ਸਾਰੀ ਰਸਮ ਇੱਕੋ ਛੱਤ ਹੇਠ ਹੋਵੇਗੀ
* ਤਜਰਬੇਕਾਰ ਅਤੇ ਪੇਸ਼ਾਵਰ ਫਿਊਨਰਲ ਡਾਇਰੈਕਟਰ
* 27 ਹਜ਼ਾਰ ਸੁਕੇਅਰ ਫੁੱਟ
* 5 ਵਿਜ਼ੀਟੇਸ਼ਨ ਹਾਲ
* ਵੈਬਕੈਮ ਸੁਵਿਧਾਵਾਂ
ਫਿਊਨਰਲ ਹੋਮ
24/7 Service Available

Inderjit S. Bal
416-666-7655
Tel: 905-458-2222

Velocity Colission

Complete truck - auto body repair & electrical centre

Tel: 905.673.7878
Fax: 905.673.7876
Cell: 416.817.5760

7120 Tranmere Drive
Mississauga, ON L5S 1L9



Varun Mehra
Sales Representative
cell: 416.833.2162
email: varun.m.mehra@gmail.com
web: www.properties2profit.com
Century 21 Millennium Inc. Brokerage*
Commercial
Residential
Investment properties
We fulfill your dreams!



SHARDA WELLNESS CENTER
HOMOEPATH SHARDA
President, Homeopathic Medical Council of Canada
Panel of Doctors, Indian Consulate
(416) 727 9199
Email: ranvirsharda@gmail.com
7071 Airport Road, Suite 200
(NORTH EAST CORNER OF AIRPORT & DERRY ROAD
(GREEN PLAZA), MALTON, MISSISSAUGA ON L4T 4J3

Century 21
Buy Green, Build Green ...Save Environment
Century 21 Green Realty Inc., Brokerage
Each Office is independently owned and operated
Sohan Mann
Sales Representative
Dir. 416 - 564 - 1699
Off. 905 - 565 - 9565
Fax: 905 - 565 - 9522
Email: sohanmann@hotmail.com
151 Super Blvd. Unit 19-21, Mississauga, ON, L5T 2L1



Rush Lube Inc.
Complete Truck Repairs & Truck Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1



GILL
Truck & Trailer Repair and Mobile Service
OPEN 7 DAYS A WEEK
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic



Metro Immigration
(Division of Metro Legal & Immigration Inc.)
WE GET THINGS DONE
*Family Sponsorship *Spousal *Super Visa
*Visitor Visa *Skilled Workers *Investors *PNP
*Nannies *Business Applicants *Student Visa
*Work Permits(LMO) *Appeals
Head Office: 2355 Derry Rd. E *#12Miss. *ON *L5S 1V6
*905-673-1200 *1-800-694-1373 India Office: 98148 66633
*Brampotn: 905 794 6003 * Toronto: 416 840 7554
*info@metroimmigration.com
*www.metroimmigration.com *www.metroimmigration.org
Suresh Gupta
Certified Immigration Practitioner(RCIC)



# ਮਈ ਦਿਵਸ : ਕਿਰਤ ਕਰਨ ਵਾਲੇ ਲੋਕਾਂ ਦੀ ਸਰਦਾਰੀ ਦਾ ਸਵਾਲ













**ਮਾ. ਭਜਨ ਗਿੱਲ ਕੈਲਗਰੀ**

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਤੇ ਆਯੋਜਿਤ ਪ੍ਰੋਗਰਾਮ ਵਿੱਚ ਵੱਖ ਵੱਖ ਬੁਲਾਰਿਆਂ ਨੇ ਵਿਚਾਰ ਚਰਚਾ ਕੀਤੀ। ਸੋਸ਼ਲ ਵਰਕਰ ਲੀਜ਼ਾ ਲਾਰਨ ਜੈਟੀ, ਜੋ ਕੈਲਗਰੀ ਯੂਨੀਵਰਸਿਟੀ ਤੋਂ ਵਰਕਰਜ਼ (ਸੋਸ਼ਲ) ਤੇ ਪੀ ਐੱਚ ਡੀ ਕਰ ਰਹੇ ਹਨ, ਮੁੱਖ ਬੁਲਾਰੇ ਦੇ ਤੌਰ 'ਤੇ ਪੁੱਜੇ ਹੋਏ ਸਨ। ਉਨ੍ਹਾਂ ਕਿਹਾ ਕਿ ਵਰਕਰਜ਼ ਦੀਆਂ ਬੁਰੀਆਂ ਹਾਲਤਾਂ ਲਈ ਪੂੰਜੀਵਾਦ ਪ੍ਰਬੰਧ ਜ਼ੁੰਮੇਵਾਰ ਹੈ। ਜੇ ਵਰਕਰਜ਼ ਇਸ ਲਈ ਜਾਗਰੂਕ ਨਹੀਂ ਹੋਣਗੇ ਤਾਂ ਉਹ ਇਸ ਨਾ-ਬਰਾਬਰੀ ਪੈਦਾ ਕਰਨ ਵਾਲੇ ਸਿਸਟਮ ਖ਼ਿਲਾਫ ਠੀਕ ਦਿਸ਼ਾ ਵਿੱਚ ਲੜਾਈ ਨਹੀਂ ਲੜ ਸਕਣਗੇ। ਅੱਜ ਸਮਾਂ ਮਿਨੀਮਮ ਵੇਜ ਦੀ ਗੱਲ ਕਰਨ ਦਾ ਨਹੀਂ ਸਗੋਂ ਮੈਕਸੀਮਮ ਵੇਜ ਬਾਰੇ ਗੱਲ ਕਰਨ ਦਾ ਹੈ ਕਿ ਐਨਾ ਵੱਧ ਕਿਉਂ? ਉਹਨਾਂ ਕਿਹਾ ਕਿ 2010 ਦੇ ਅੰਕੜਿਆਂ ਅਨੁਸਾਰ ਦੁਨੀਆਂ ਦੇ 100 ਘਰਾਣਿਆਂ ਦੀ ਇੱਕ ਸਾਲ ਦੀ ਕਮਾਈ ਨਾਲ ਚਾਰ ਵਾਰੀ ਦੁਨੀਆਂ ਦੇ ਗਰੀਬਾਂ ਦੀ ਗਰੀਬੀ ਦੂਰ ਕੀਤੀ ਜਾ ਸਕਦੀ ਹੈ। ਨਸਲੀ ਵਿਤਕਰੇ ਬਾਰੇ ਬੋਲਦਿਆਂ ਉਹਨਾਂ ਦੱਸਿਆ ਕਿ ਗੋਰਿਆਂ ਤੋਂ ਬਿਨਾਂ ਵੱਖੋ-ਵੱਖ ਕਮਿਊਨਿਟੀਆਂ/ਦੇਸ਼ਾਂ ਤੋਂ ਪੁੱਜੇ ਲੋਕਾਂ ਨੂੰ 65% ਘੱਟ ਤਨਖ਼ਾਹ ਦੇ ਕੇ ਵਿਤਕਰਾ ਕੀਤਾ ਜਾ ਰਿਹਾ ਹੈ। ਮਰਦਾਂ ਦੇ ਮੁਕਾਬਲੇ ਔਰਤਾਂ 55% ਘੱਟ ਤਨਖ਼ਾਹ ਲੈ ਕੇ ਲਿੰਗਕ ਭੇਦ-ਭਾਵ ਦਾ ਸ਼ਿਕਾਰ ਹੋ ਰਹੀਆਂ ਹਨ। ਵਰਕ ਪਰਮਿਟ ਤੇ ਆਏ ਲੋਕਾਂ ਨੂੰ ਪੀ ਆਰ ਲੈਣ ਲਈ ਭਾਰੀ ਮੁਸ਼ਕਲਾਂ ਨਾਲ ਜੂਝਣਾ ਪੈ ਰਿਹਾ ਹੈ। ਉਨ੍ਹਾਂ ਨੂੰ ਪੱਕੇ ਕਰਨ 'ਚ ਸਾਜਿਸ਼ ਕਿਉਂ? ਲੀਜ਼ਾ ਲਾਰਨ ਜੈਟੀ ਕੈਲਗਰੀ ਦੀਆਂ ਕਈ ਸੋਸ਼ਲ ਜੱਥੇਬੰਦੀਆਂ ਨਾਲ ਲੰਮੇ ਸਮੇਂ ਤੋਂ ਸਰਗਰਮੀ ਨਾਲ ਕੰਮ ਕਰ ਰਹੀ ਹੈ। ਕਮਲਪ੍ਰੀਤ ਪੰਧੇਰ ਨੇ ਪੰਜਾਬੀ ਤਰਜਮਾਂ ਕੀਤਾ ।

ਪ੍ਰਧਾਨ ਸੋਹਨ ਮਾਨ ਨੇ ਮਈ ਦਿਨ ਦੇ ਇਤਿਹਾਸ ਬਾਰੇ ਸਰੋਤਿਆਂ ਨਾਲ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਅਮਰੀਕਾ ਦੇ ਸ਼ਹਿਰ ਸ਼ਿਕਾਗੋ 'ਚ 1886 ਵਿੱਚ ਸ਼ਾਂਤਮਈ ਹੜਤਾਲ ਕਰ ਰਹੇ ਮਜ਼ਦੂਰਾਂ ਉੱਪਰ ਕਾਰਖਾਨੇ ਦੇ ਮਾਲਕਾਂ ਅਤੇ ਪੁਲੀਸ ਵੱਲੋਂ ਗੋਲੀਆਂ ਚਲਾ ਕੇ 6 ਮਜ਼ਦੂਰਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਮਜ਼ਦੂਰਾਂ ਦੇ ਖ਼ੂਨ ਨੇ ਚਿੱਟੇ ਝੰਡੇ ਨੂੰ ਲਾਲ ਫਰੇਰਾ ਬਣਾ ਦਿੱਤਾ। ਗੁਰਬਚਨ ਬਰਾੜ ਨੇ ਬੋਲਦਿਆਂ ਕਿਹਾ ਕਿ ਕੈਨੇਡਾ ਵਿੱਚ ਉੱਪਰਲੇ 10% ਲੋਕਾਂ ਦੀ ਆਮਦਨ 87% ਹੈ ਜਦੋਂ ਕਿ ਬਾਕੀ 90% ਲੋਕਾਂ ਨੂੰ ਸਿਰਫ 13% ਤਨਖ਼ਾਹ ਮਿਲਦੀ ਹੈ। ਉਹਨਾਂ ਕਿਹਾ ਕਿ ਅਮੀਰ-ਗਰੀਬ ਦਾ ਵੱਧ ਰਿਹਾ ਪਾੜਾ ਹੀ ਰਾਜ ਪ੍ਰਬੰਧ ਦੀ ਅਸਫਲਤਾ ਦਾ ਸੰਕੇਤ ਹੈ। ਉਹਨਾਂ ਕੈਨੇਡਾ ਦੇ ਮਜ਼ਦੂਰ ਵਿਰੋਧੀ ਕਾਨੂੰਨੀ ਪੱਖਾਂ ਦੀ ਵੀ ਭਰਵੀਂ ਵਿਆਖਿਆ ਕੀਤੀ। ਰਿਸ਼ੀ ਨਾਗਰ ਹੁਰਾਂ ਨੇ ਵੀ ਕੈਨੇਡਾ ਦੀ ਸਰਕਾਰ ਵੱਲੋਂ ਲੋਕ ਵਿਰੋਧੀ ਕੀਤੇ ਫੈਸਲਿਆਂ ਦੀ ਜਾਣਕਾਰੀ ਸਾਂਝੀ ਕਰਦਿਆਂ ਲੋਕਾਂ ਨੂੰ ਦਖ਼ਲ-ਅੰਦਾਜ਼ੀ ਕਰਨ ਲਈ ਪ੍ਰੇਰਿਆ। ਹਰਚਰਨ ਪਰਹਾਰ ਨੇ ਵੱਖ-ਵੱਖ ਧਰਮਾਂ ਦੇ ਨਾਂ ਤੇ ਕੰਮ ਕਰਨ ਵਾਲੀਆਂ ਜੱਥੇਬੰਦੀਆਂ/ਪਾਰਟੀਆਂ ਅਤੇ ਅਦਾਰਿਆਂ ਵੱਲੋਂ ਕਿਰਤੀ ਵਰਗ ਦੇ ਸੰਘਰਸ਼ 'ਚ ਸ਼ਾਮਲ ਨਾ ਹੋਣ ਤੇ ਟਿੱਪਣੀ ਕਰਦਿਆਂ ਹੈਰਾਨੀ ਪ੍ਰਗਟ ਕੀਤੀ। ਸਤਪਾਲ ਕੌਸ਼ਲ, ਮਾਸਟਰ ਬਚਿੱਤਰ ਗਿੱਲ ਅਤੇ ਮਾਸਟਰ ਭਜਨ ਗਿੱਲ ਨੇ ਵੀ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਇਸ ਮਹਾਨ ਦਿਨ ਤੇ ਦੁਨੀਆਂ ਭਰ ਦੇ ਮਿਹਨਤਕਸ਼ ਲੋਕ ਇਸ ਪੂੰਜੀਵਾਦ/ਸਾਮਰਾਜਵਾਦੀ ਪ੍ਰਬੰਧ ਨੂੰ ਖ਼ਤਮ ਕਰਕੇ ਲੋਕਾਂ ਦਾ ਰਾਜ ਸਥਾਪਤ ਕਰਨ ਦੀ ਕਸਮ ਖਾਂਦੇ ਹਨ। ਉਪਸਥਿੱਤ ਮਰਦਾਂ ਔਰਤਾਂ ਦਾ ਭਾਰੀ ਇਕੱਠ ਕਿਰਤੀਆਂ ਦੇ ਸੰਘਰਸ਼ਾਂ ਨਾਲ ਇਕਮੁੱਠਤਾ ਦਾ ਇਜ਼ਹਾਰ ਅਤੇ ਮਜ਼ਦੂਰਾਂ ਉੱਪਰ ਜਬਰ ਦੀ ਨਿੰਦਾ ਕਰ ਰਿਹਾ ਸੀ ।

ਮਾ. ਬਚਿੱਤਰ ਗਿੱਲ ਨੇ ਕਰਨੈਲ ਪਾਰਸ ਦੀ ਲਿਖੀ ਕਵਿਤਾ "ਤੈਨੂੰ ਨਮਸਕਾਰ ਮਜ਼ਦੂਰ" ਸੁਣਾਈ। ਇੰਜੀ: ਗੁਰਦਿਆਲ ਸਿੰਘ ਖਹਿਰਾ ਨੇ "ਖ਼ੂਨ ਪੀਣੀਆਂ ਪੰਜਾਬ ਦੀਆਂ ਸੜਕਾਂ, ਹਾਕਮਾਂ ਜਹਾਜ ਲੈ ਲਏ" ਰਚਨਾ ਸੁਣਾ ਕੇ ਚੋਟ ਮਾਰੀ। 8 ਸਾਲਾ ਬੱਚੀ ਗੁਰਬੀਨ ਚੱਠਾ ਨੇ ਭਗਤ ਸਿੰਘ ਦੀ ਘੋੜੀ ਸੁਣਾ ਕੇ ਸਭ ਦਾ ਪਿਆਰ ਲਿਆ। ਜਗਵੰਤ ਗਿੱਲ, ਅਵੀ ਜਸਵਾਲ, ਜਸਵੰਤ ਸਿੰਘ ਸੇਖੋਂ, ਗੁਰਿੰਦਰ ਬਰਾੜ, ਸੁਰਜੀਤ ਸਿੰਘ ਪੰਨੂੰ ਅਤੇ ਅਜਾਇਬ ਸਿੰਘ ਸੇਖੋਂ ਨੇ ਕਿਰਤੀਆਂ ਦੇ ਸੰਘਰਸ਼ਾਂ ਨੂੰ ਸਲਾਮ ਕਹਿੰਦੀਆਂ ਕਵਿਤਾਵਾਂ, ਗੀਤਾਂ, ਗਜ਼ਲਾਂ ਰਾਹੀਂ ਮਈ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ।

ਮਾਸਟਰ ਭਜਨ ਗਿੱਲ ਵੱਲੋਂ ਹਾਜ਼ਰ ਇਕੱਠ ਤੋਂ ਇੱਕ ਮਤਾ ਪਾਸ ਕਰਵਾਇਆ ਗਿਆ "ਅੱਜ ਦਾ ਇਕੱਠ ਲੋਕ ਆਗੂ ਡਾ: ਧਰਮਵੀਰ ਗਾਂਧੀ (ਪਟਿਆਲਾ) ਉੱਤੇ ਅਕਾਲੀ ਗੁੰਡਾ ਗਿਰੋਹ ਵੱਲੋਂ ਕੀਤੇ ਕਾਤਲਾਨਾ ਹਮਲੇ ਦੀ ਜ਼ੋਰਦਾਰ ਨਿੰਦਾ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਦਵਿੰਦਰ ਅਤੇ ਹੋਰ ਲੋਕਾਂ ਤੇ ਸਰਕਾਰੀ ਸ਼ਹਿ ਨਾਲ ਕੀਤੇ ਗਏ ਹਮਲਿਆਂ ਦੀ ਵੀ ਨਿੰਦਾ ਕਰਦਾ ਹੈ। ਸਾਰਿਆਂ ਨੇ ਦੋਵੇਂ ਬਾਹਵਾਂ ਖੜ੍ਹੀਆਂ ਕਰਕੇ ਮਤੇ ਨੂੰ ਪ੍ਰਵਾਨਗੀ ਦਿੱਤੀ।

ਡਰੱਗ ਅਵੇਅਰਨੈੱਸ ਦੇ ਆਗੂ ਬਲਵਿੰਦਰ ਕਾਹਲੋਂ ਨੇ ਅਗਲੇ ਹਫਤੇ ਹੋ ਰਹੇ ਪ੍ਰੋਗਰਾਮ ਦੀ ਜਾਣਕਾਰੀ ਦਿੱਤੀ । 17 ਮਈ ਨੂੰ ਅਜਾਇਬ ਸਿੰਘ ਸੇਖੋਂ ਦੀ ਕਿਤਾਬ ਰਿਲੀਜ਼ ਕਰਨ ਅਤੇ ਗਲੋਬਲ ਪਰਵਾਸੀ ਸੀਨੀਅਰ ਸੁਸਾਇਟੀ ਵੱਲੋਂ 24 ਤਾਰੀਖ ਨੂੰ ਹੋ ਰਹੇ ਪ੍ਰੋਗਰਾਮ ਦੀ ਵੀ ਜਾਣਕਾਰੀ ਦਿੱਤੀ ਗਈ। ਪੱਤਰਕਾਰ ਨਵੀ ਨਵਜੀਤ ਨੇ ਅਪਣੀਆਂ ਸੇਵਾਵਾਂ ਲੋਕਾਂ ਨੂੰ ਸਮਰਪਿਤ ਕਰਨ ਦਾ ਭਰੋਸਾ ਦਿੱਤਾ। ਮੰਚ ਸੰਚਾਲਨ ਜਨਰਲ ਸਕੱਤਰ ਮਾਸਟਰ ਭਜਨ ਗਿੱਲ ਨੇ ਕੀਤਾ। ਫੋਟੋਗਰਾਫੀ ਅਤੇ ਮੁੱਖ ਪ੍ਰਬੰਧਕ ਦੀ ਜ਼ਿੰਮੇਵਾਰੀ ਜਤਿੰਦਰ ਸਵੈਚ ਨੇ ਪੂਰੀ ਤਨਦੇਹੀ ਨਾਲ ਨਿਭਾਈ। ਇਸ ਇਕੱਠ ਵਿੱਚ 95 ਦੇ ਕਰੀਬ ਮਹਿਮਾਨ ਸ਼ਾਮਲ ਹੋਏ ਜਿਨ੍ਹਾਂ ਵਿੱਚ 25 ਦੇ ਕਰੀਬ ਔਰਤਾਂ ਅਤੇ ਕਾਫੀ ਸੰਖਿਆਂ ਵਿੱਚ ਨੌਜਵਾਨ ਲੜਕੇ ਲੜਕੀਆਂ ਹਾਜਰ ਸਨ। ਅੰਤ ਵਿੱਚ ਆਗੂਆਂ ਵੱਲੋਂ ਸਭ ਦਾ ਧੰਨਵਾਦ ਕਰਦੇ ਹੋਏ ਦੱਸਿਆ ਗਿਆ ਕਿ ਅਗਲੀ ਮੀਟਿੰਗ ਜੂਨ ਮਹੀਨੇ ਦੇ ਪਹਿਲੇ ਐਤਵਾਰ ਨੂੰ ਹੋਵੇਗੀ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਗਿੱਲ ਨਾਲ 403 455 4220 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ ।






# ਇਤਿਹਾਸ ਦੇ ਅਹਿਮ ਪੰਨਿਆਂ ’ਚ ਭਗਤ ਸਿੰਘ



**ਸੁਧੀਰ ਵਿਦਿਆਰਥੀ**
**ਅਨੁਵਾਦ : ਮਨਦੀਪ**

ਪਿਛਲੇ ਕੁਝ ਅਰਸੇ ਤੋਂ ਪਾਕਿਸਤਾਨ ਦੀ ਧਰਤੀ ’ਤੇ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਯਾਦ ਕੀਤਾ ਜਾਂਦਾ ਰਿਹਾ। ਇਹ ਸਾਡੇ ਲਈ ਅਤਿਅੰਤ ਸੁਖਦ ਗੱਲ ਸੀ। ਭਗਤ ਸਿੰਘ ਨੂੰ ਉਸਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਦੇ ਨਾਲ ਲਾਹੌਰ ਦੀ ਸੈਂਟਰਲ ਜੇਲ੍ਹ ’ਚ 23 ਮਾਰਚ 1931 ਨੂੰ ਬ੍ਰਿਟਿਸ਼ ਹਕੂਮਤ ਨੇ ਫਾਂਸੀ ਉਤੇ ਚਾੜ੍ਹ ਦਿੱਤਾ ਸੀ। ‘ਲਾਹੌਰ ਸਾਜ਼ਿਸ਼ ਕੇਸ’ ਦੇ ਨਾਮ ਨਾਲ ‘ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਸੰਘ’ ਦੇ ਉਸਦੇ ਸਾਥੀ ਇਨਕਲਾਬੀਆਂ ’ਤੇ ਮੁਕੱਦਮਾ ਇਸੇ ਸ਼ਹਿਰ ’ਚ ਚਲਿਆ ਸੀ। ਇਥੇ ਹੀ ਉਨ੍ਹਾਂ ਨੇ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ’ਚ ਲਾਲਾ ਲਾਜਪਤ ਰਾਏ ਦੀ ਲਾਠੀਚਾਰਜ ਨਾਲ ਹੋਈ ਮੌਤ ਦਾ ਬਦਲਾ ਲੈਣ ਦੇ ਲਈ ਅੰਗਰੇਜ਼ ਪੁਲਿਸ ਅਫ਼ਸਰ ਸਾਂਡਰਸ ’ਤੇ ਗੋਲੀਆਂ ਚਲਾਈਆਂ ਸਨ। ਉਹਨਾਂ ਦਾ ਜਨਮ ਵੀ ਇਸੇ ਪੰਜਾਬ ਪ੍ਰਾਂਤ ’ਚ ਲਾਇਲਪੁਰ ਦੇ ਬੰਗਾ ਪਿੰਡ ’ਚ ਹੋਇਆ ਸੀ। ਦੇਸ਼ ਵੰਡ ਦੇ ਬਾਅਦ ਇਹ ਹਿੱਸਾ ਪਾਕਿਸਤਾਨ ’ਚ ਚਲਾ ਗਿਆ ਅਤੇ ਲਾਇਲਪੁਰ ਦਾ ਨਾਮ ਬਦਲਕੇ ਫੈਸਲਾਬਾਦ ਹੋ ਗਿਆ। ਭਗਤ ਸਿੰਘ ਦਾ ਜੱਦੀ ਘਰ ਭਾਰਤ ਦੇ ਪੰਜਾਬ ਸੂਬੇ ਦੇ ਨਵਾਂ ਸ਼ਹਿਰ ਦਾ ਖਟਕੜ ਕਲਾਂ ਪਿੰਡ ਹੈ ਜਿਥੇ ਹਰ ਸਾਲ ਇਸ ਸ਼ਹੀਦ ਦੀ ਸਿਮਰਤੀ ’ਚ ਮੇਲਾ ਲੱਗਦਾ ਹੈ।

ਲਾਹੌਰ ਜੇਲ੍ਹ ’ਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਜਿਸ ਥਾਂ ਉਤੇ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ, ਉਹ ਅਜੇ ਜਰਜਰ ਅਤੇ ਘ੍ਰਿਣਿਤ ਹਾਲਤ ’ਚ ਹੈ। ਇਸਦੇ ਦਰਵਾਜ਼ੇ ਅਤੇ ਛੱਤਾਂ ਟੁੱਟ ਗਈਆਂ ਹਨ। ਪਾਕਿਸਤਾਨ ਨੇ ਉਥੇ ਇਨ੍ਹਾਂ ਸ਼ਹੀਦਾਂ ਦਾ ਸਮਾਰਕ ਬਣਾਉਣ ਦਾ ਵਾਅਦਾ ਕੁਝ ਸਮਾਂ ਪਹਿਲਾਂ ਕੀਤਾ ਸੀ ਉਹ ਅੱਜ ਤੱਕ ਪੂਰਾ ਨਹੀਂ ਹੋਇਆ। ਸਾਲ 2007 ’ਚ ਭਗਤ ਸਿੰਘ ਦੇ ਜਨਮ ਸ਼ਤਾਬਦੀ ਵਰ੍ਹੇ ’ਚ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਤਤਕਾਲੀਨ ਗਵਰਨਰ ਨੇ ਇਹ ਭਰੋਸਾ ਦਿੱਤਾ ਸੀ ਕਿ ਫਾਂਸੀ ਵਾਲੇ ਉਸ ਸਥਾਨ ਉਤੇ ਭਗਤ ਸਿੰਘ ਦਾ ਸਮਾਰਕ ਬਣਾਇਆ ਜਾਵੇਗਾ। ਢਾਈ ਤਿੰਨ ਸਾਲ ਪਹਿਲਾਂ ਪਾਕਿਸਤਾਨ ਦੇ ਅਧਿਕਾਰੀਆਂ ਨੇ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ ’ਤੇ ਰੱਖਣ ਦੀ ਇਕ ਭਾਰਤੀ ਐਨ. ਜੀ. ਓ. ਦੀ ਮੰਗ ਠੁਕਰਾ ਦਿੱਤੀ ਸੀ। ‘ਪੀਸ ਸਟੱਡੀਜ਼’ ਦੇ ਨਿਰਦੇਸ਼ਕ ਨੇ ਪਾਕਿਸਤਾਨ ਦੇ ਤਤਕਾਲੀਨ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ਼ ਨਾਲ 2007 ’ਚ ਭਗਤ ਸਿੰਘ ਦੀ 100ਵੀਂ ਜਨਮ ਸ਼ਤਾਬਦੀ ’ਤੇ ਇਹ ਪ੍ਰਸਤਾਵ ਰੱਖਿਆ ਸੀ ਜੋ ਪੂਰਾ ਨਹੀਂ ਹੋਇਆ। ਪਾਕਿਸਤਾਨ ਦੇ ਪੰਜਾਬ ਸੂਬੇ ਦੇ ਗਵਰਨਰ ਸੇਵਾਮੁਕਤ ਲੈਫਟੀਨੈਂਟ ਜਨਰਲ ਖਾਲਿਦ ਮਕਬੂਲ ਨੇ ਕਿਹਾ ਸੀ ਕਿ ਭਗਤ ਸਿੰਘ ਨੇ ਆਜ਼ਾਦੀ ਦੇ ਲਈ ਲੜਾਈ ਕ੍ਰਾਂਤੀਕਾਰੀ ਤਰੀਕੇ ਨਾਲ ਸ਼ੁਰੂ ਕੀਤੀ ਸੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੇ ਨੌਜਵਾਨਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਸੀ। ਇਹ ਖ਼ਬਰ ਜਨਰਲ ਮਕਬੂਲ ਦੇ ਹਵਾਲੇ ਨਾਲ ‘ਦਾ ਡੇਲੀ ਟਾਈਮਜ਼’ ਨੇ ਦਿੱਤੀ ਸੀ। ‘ਦਿਆਲ ਸਿੰਘ ਰਿਸਰਚ ਅਤੇ ਸਭਿਆਚਾਰਕ ਫੋਰਮ’ (ਡੀ ਐਸ ਆਰ ਸੀ ਐਫ) ਦੇ ਨਿਰਦੇਸ਼ਕ ਡਾ. ਜਾਫ਼ਰ ਚੀਮਾ ਨੇ ਕਿਹਾ ਸੀ ਕਿ ਦੇਸ਼ ਦੇ ਲਈ ਕੁਰਬਾਨ ਹੋਣ ਵਾਲੇ ਪਗਤ ਸਿੰਘ ਨੂੰ ਮੌਲਾਨਾ ਜਾਫ਼ਰ ਅਲੀ ਖਾਨ ਨੇ ਸ਼ਹੀਦ ਦਾ ਖਿਤਾਬ ਦਿੱਤਾ ਸੀ। ਉਸ ਸਮੇਂ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਸਬੰਧ ਰੱਖਣ ਦਾ ਦਾਅਵਾ ਕਰਨ ਵਾਲੇ ਮੁਹੰਮਦ ਇਕਬਾਲ ਵਿਰਕ ਨੇ ਕਿਹਾ ਸੀ ਕਿ ਉਹ ਲਾਹੌਰ ਦੇ ਅਜਾਇਬ ਘਰ ’ਚ ਭਗਤ ਸਿੰਘ ਨਾਲ ਜੁੜੀਆਂ ਚੀਜ਼ਾਂ ਦੀ ਪ੍ਰਦਰਸ਼ਨੀ ਲਗਾਉਣਗੇ। ਜਨਰਲ ਮਕਬੂਲ ਦਾ ਕਹਿਣਾ ਸੀ ਕਿ ਜਾਂਚ-ਪੜਤਾਲ ਦੇ ਬਾਅਦ ਕੇਰ ਵਿਰਕ ਦੇ ਦਾਅਵੇ ਨੂੰ ਸਹੀ ਪਾਇਆ ਗਿਆ ਤਾਂ ਭਗਤ ਸਿੰਘ ਨਾਲ ਜੁੜੀਆਂ ਚੀਜ਼ਾਂ ਨੂੰ ਅਜਾਇਬ ਘਰ ’ਚ ਪੇਸ਼ ਕੀਤਾ ਜਾਵੇਗਾ।

ਲਾਹੌਰ ਦੀ ਇਕ ਪ੍ਰਮੁੱਖ ਵਿਦਿਅਕ ਸੰਸਥਾ ਉਥੋਂ ਦੇ ਬ੍ਰੈਡਲਾ ਹਾਲ ਨੂੰ ਜੋ ਹੁਣ ਖੰਡਰ ’ਚ ਤਬਦੀਲ ਹੋ ਗਿਆ ਹੈ, ਉਸ ਨੂੰ ਉਸਦਾ ਪੁਰਾਣਾ ਗੌਰਵ ਵਾਪਸ ਦੇਣ ਦੇ ਲਈ ਯਤਨਸ਼ੀਲ ਰਿਹਾ। ਭਗਤ ਸਿੰਘ ਅਤੇ ਦੂਸਰੇ ਅਨੇਕਾਂ ਇਨਕਲਾਬੀਆਂ ਦੀ ਯਾਦ ਨਾਲ ਜੁੜੀ ਇਸ ਜਗ੍ਹਾ ਨੂੰ ਲਾਹੌਰ ਦੇ ‘ਇਸਟੀਚਿਊਟ ਫਾਰ ਸੈਕੂਲਰ ਸਟੱਡੀਜ਼’ ਦੀ ਅਗਵਾਈ ’ਚ ਸੰਵਾਰਨ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਦੀ ਮੁਖੀ ਸਾਇਦਾ ਦੀਪ ਹੈ। ਉਹ ਭਗਤ ਸਿੰਘ ਤੋਂ ਬਚਪਨ ਤੋਂ ਹੀ ਪ੍ਰਭਾਵਿਤ ਰਹੀ ਹੈ ਅਤੇ ਭਗਤ ਸਿੰਘ ਨਾਲ ਜੁੜੇ ਸਥਾਨਾਂ ਨੂੰ ਪੁਰਾਣਾ ਗੌਰਵ ਦਿਵਾਉਣ ਦੇ ਲਈ ਸੰਘਰਸ਼ ਕਰ ਰਹੀ ਹੈ। ਲਗਭਗ ਤਿੰਨ ਵਰ੍ਹੇ ਪਹਿਲਾਂ ਪਤਾ ਲੱਗਿਆ ਸੀ ਕਿ 23 ਮਾਰਚ ਨੂੰ ਉਥੇ ਭਗਤ ਸਿੰਘ ਦੀ ਯਾਦ ’ਚ ਹੋਣ ਵਾਲੇ ਪ੍ਰੋਗਰਾਮ ਦੀ ਅਗਵਾਈ ਸਾਇਦਾ ਕਰੇਗੀ। ਕਰਾਚੀ ਦੀ ਜਾਣੀ ਪਛਾਣੀ ਲੇਖਿਕਾ ਜਾਹਿਦ ਹਿਨਾ ਨੇ ਆਪਣੇ ਲੇਖ ’ਚ ਭਗਤ ਸਿੰਘ ਨੂੰ ਪਾਕਿਸਤਾਨ ਦਾ ਸਭ ਤੋਂ ਮਹਾਨ ਸ਼ਹੀਦ ਕਰਾਰ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੀ ਵੰਡ ਦੇ ਬਾਅਦ ਪਾਕਿਸਤਾਨ ’ਚ ਵੀ ਲੋਕਾਂ ਦੇ ਦਿਲਾਂ ’ਚ ਭਗਤ ਸਿੰਘ ਦੇ ਲਈ ਸਨਮਾਨ ’ਚ ਰੱਤੀ ਭਰ ਵੀ ਕਮੀ ਨਹੀਂ ਆਈ। ਭਗਤ ਸਿੰਘ ਦੇ ਜਨਮ ਸਥਾਨ ਲਾਇਲਪੁਰ (ਹੁਣ ਪਾਕਿਸਤਾਨ ਦਾ ਫੈਸਲਾਬਾਦ) ਦੇ ਪਿੰਡ ਬੰਗਾ ਚੱਕ ਨੰਬਰ 105 ਨੂੰ ਜਾਣ ਵਾਲੀ ਸੜਕ ਦਾ ਨਾਮ ‘ਭਗਤ ਸਿੰਘ ਰੋਡ’ ਹੈ। ਇਸ ਸੜਕ ਦਾ ਨਾਮਕਰਨ ਫਰਹਾਨ ਖਾਨ ਨੇ ਕੀਤਾ ਸੀ ਜੋ ਸੇਵਾਮੁਕਤ ਤਹਿਸੀਲਦਾਰ ਹੈ। ਉਸਦੀ ਉਮਰ ਹੁਣ 85 ਦੇ ਆਸ-ਪਾਸ ਹੋਵੇਗੀ। ਲਾਹੌਰ ’ਚ ਭਗਤ ਸਿੰਘ ਦੇ ਪਿੰਡ ਵਲੋਂ ਜੋ ਸੜਕ ਘੁੰਮਦੀ ਹੈ, ਉਥੇ ਭਗਤ ਸਿੰਘ ਦੀ ਇਕ ਤਸਵੀਰ ਲੱਗੀ ਹੋਈ ਹੈ। ਪਾਕਿਸਤਾਨ ਦੇ ਕੁਝ ਬੁੱਧੀਜੀਵੀ ‘ਸਾਂਝੇ ਲੋਕ’ ਨਾਮ ਦੀ ਇਕ ਵੈਬਸਾਈਟ ਚਲਾਉਂਦੇ ਹਨ ਜਿਸ ਤੇ ਭਗਤ ਸਿੰਘ ਦੀ ਜ਼ਿੰਦਗੀ ਦਾ ਬਿਊਰਾ ਦਰਜ ਹੈ। ਪਾਕਿਸਤਾਨੀ ਕਵੀ ਅਤੇ ਲੇਖਕ ਅਹਿਮਦ ਸਿੰਘ ਨੇ ਪੰਜਾਬੀ ਭਾਸ਼ਾ ’ਚ ‘ਕਿਹੜੀ ਮਾਂ ਨੇ ਜੰਮਿਆ ਭਗਤ ਸਿੰਘ’ ਲਿਖੀ ਹੈ। ਸਾਇਦਾ ਦੀਪ ਦਾ ਉਦੇਸ਼ ਬ੍ਰੈਡਲਾ ਹਾਲ ਨੂੰ 1947 ਦਾ ਰੂਪ ਦੇਣਾ ਸੀ ਜਦੋਂ ਉਹ ਇਕ ਮਹੱਤਵਪੂਰਨ ਸਿੱਖਿਆ ਕੇਂਦਰ ਵਜੋਂ ਜਾਣਿਆ ਜਾਂਦਾ ਸੀ। ਇਹ ਕਦੀ ਪੰਜਾਬ ਕਾਂਗਰਸ ਦਾ ਮੁੱਖ ਦਫ਼ਤਰ ਹੋਇਆ ਕਰਦਾ ਸੀ। ਇਸ ਵਿਚ ਸਥਾਪਤ ਨੈਸ਼ਨਲ ਕਾਲਜ ’ਚ ਹੀ ਭਗਤ ਸਿੰਘ ਨੇ ਸਿੱਖਿਆ ਹਾਸਲ ਕੀਤੀ ਸੀ। ਇਹ ਇਮਾਰਤ ਹੁਣ ਜਰਜਰੀ ਹੋ ਚੁੱਕੀ ਹੈ। ਫਿਰ ਵੀ ਇਹ ਸਾਡੀ ਸਾਂਝੀ ਵਿਰਾਸਤ ਅਤੇ ਮੁਕਤੀ ਸੰਘਰਸ਼ ਦਾ ਅਨੋਖਾ ਸਮਾਰਕ ਹੈ। ਸੁਣਿਆ ਤਾਂ ਇਹ ਵੀ ਸੀ ਕਿ ਬ੍ਰੈਡਲਾ ਹਾਲ ਨੂੰ ਇਕ ਅਜਿਹੇ ਅਜਾਇਬ ਘਰ ਦਾ ਦਰਜਾ ਦਿੱਤਾ ਜਾਵੇਗਾ ਜੋ ਭਗਤ ਸਿੰਘ ਅਤੇ ਸੁਤੰਤਰਤਾ ਅੰਦੋਲਨ ਨੂੰ ਸਮਰਪਿਤ ਹੋਵੇਗਾ। ਇਸ ਇੰਸਟੀਚਿਊਟ ਦਾ ਨਾਮ ਬਦਲਕੇ ਨਾਲ ਹੀ ਸਾਇਦਾ ਸ਼ਾਦਮਾਨ ਚੌਰਾਹੇ ਦਾ ਨਾਮ ਵੀ ਭਗਤ ਸਿੰਘ ਦੇ ਨਾਮ ’ਤੇ ਰਖਵਾਉਣਾ ਚਾਹੁੰਦੀ ਸੀ ਜਿਥੇ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਨੂੰ ਫਾਂਸੀ ’ਤੇ ਝੁਲਾਇਆ ਗਿਆ ਸੀ। ਪਾਕਿਸਤਾਨ ਸਰਕਾਰ ਨੇ ਲਾਹੌਰ ਸੈਂਟਰਲ ਜੇਲ੍ਹ ਨੂੰ ਤੁੜਵਾ ਦਿੱਤਾ ਸੀ। ਹੁਣ ਉਥੇ ਸ਼ਾਦਮਾਨ ਨਾਮ ਨਾਲ ਇਕ ਕਲੋਨੀ ਸਥਾਪਤ ਹੈ। ਸ਼ਾਦਮਾਨ ਚੌਕ ਵਾਲੇ ਟਰੈਫਿਕ ਚੌਰਾਹੇ ’ਤੇ ਹੀ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀਆਂ ਦਿੱਤੀਆਂ ਗਈਆਂ ਸਨ। ਸਾਇਦਾ ਦੀਪ ਦੇ ਜਿਹਨ ’ਚ ਦੇਸ਼ ਦੀ ਆਜ਼ਾਦੀ ਦੇ ਲਈ ਇਨ੍ਹਾਂ ਕੁਰਬਾਨੀਆਂ ਦੀ ਖਾਸ ਜਗ੍ਹਾ ਹੈ। ਉਨ੍ਹਾਂ ਨੇ ਇਸ ਸਬੰਧ ’ਚ ਇਕ ਜਾਚਿਕਾ ਵੀ ਦਾਇਰ ਕੀਤੀ। ਇਹ ਜ਼ਿਕਰਯੋਗ ਹੈ ਕਿ ਸਾਇਦਾ ਆਪਣੇ ਵਿਦਿਆਰਥੀ ਜੀਵਨ ਤੋਂ ਹੀ ਸ਼ਹੀਦੇ-ਆਜ਼ਮ ਦੀ ਪ੍ਰਸ਼ੰਸਕ ਰਹੀ ਹੈ। ਉਨ੍ਹਾਂ ਨੇ ‘ਡੇਲੀ ਟਾਈਮਜ਼’ ’ਚ ਸਪਸ਼ਟ ਕਿਹਾ ਕਿਹਾ ਵੀ ਸੀ ਕਿ ਸਾਲ-ਦਰ-ਸਾਲ ਇਥੇ ਭਗਤ ਸਿੰਘ ਦੀ ਅਹਿਮੀਅਤ ’ਚ ਕਮੀ ਆਈ ਹੈ ਜਿਸ ਵਿਚ ਖਾਸ ਭੂਮਿਕਾ ਜਨਰਲ ਜਿਆਊਲ ਹੱਕ ਜਿਹੇ ਹੁਕਮਰਾਨਾਂ ਦੇ ਸ਼ਾਸਨ ਕਾਲ ਦੀ ਰਹੀ ਹੈ। ਜਾਣਨਯੋਗ ਇਹ ਵੀ ਹੈ ਕਿ ਉਚ ਅਦਾਲਤ ਦੇ ਵਕੀਲ ਆਬਿਦ ਹਸਨ ਮਿੰਟੋ ਨੇ ਵੀ ਭਗਤ ਸਿੰਘ ਨਾਲ ਜੁੜੇ ਇਸ ਸਥਾਨ ਨੂੰ ਪੁਰਾਣਾ ਗੌਰਵ ਵਾਪਸ ਦੇਣ ਦੇ ਲਈ ਕਾਫ਼ੀ ਯਤਨ ਕੀਤੇ ਹਨ। ਸਾਇਦਾ ਦਾ ਸੁਪਨਾ ਬੰਗਾ ’ਚ ਸ਼ਹੀਦੇ-ਆਜ਼ਮ ਦਾ ਸਮਾਰਕ ਬਣਾਏ ਜਾਣ ਦਾ ਹੈ। ਉਨ੍ਹਾਂ ਦੇ ਇਸ ਅਭਿਆਨ ’ਚ ਉਹ ਲੋਕ ਵੀ ਸਾਂਝ ਕਰਨ ਨੂੰ ਤਿਆਰ ਹਨ ਜੋ ਇਸ ਸਮੇਂ ਭਗਤ ਸਿੰਘ ਦੇ ਘਰ ’ਚ ਰਹਿੰਦੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਮਾਰਕ ਬਣਾਏ ਜਾਣ ਦੀ ਸਥਿਤੀ ’ਚ ਉਹ ਮਕਾਨ ਤੋਂ ਕਬਜ਼ਾ ਛੱਡ ਦੇਣਗੇ।

ਪਾਕਿਸਤਾਨ ਦੇ ਮੰਨੇ ਪ੍ਰਮੰਨੇ ਵਕੀਲ ਆਬਿਦ ਹਸਨ ਮਿੰਟੋ ਵੀ ਭਗਤ ਸਿੰਘ ਦੇ ਪ੍ਰਸ਼ੰਸਕ ਹਨ। ਉਹਨਾਂ ਦਾ ਕਹਿਣਾ ਹੈ ਕਿ ਪਾਕਿਸਤਾਨ ’ਚ ਇਸ ਸ਼ਹੀਦ ਦੇ ਨਾਮ ਨਾਲ ਜੁੜੇ ਸਾਰੇ ਸਥਾਨਾਂ ਨੂੰ ਪੁਰਾਣਾ ਰੂਪ ਮਿਲਣਾ ਚਾਹੀਦਾ ਹੈ। ਇਹ ਇਸ ਕ੍ਰਾਂਤੀਕਾਰੀ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਹੀ ਨਹੀਂ ਬਲਕਿ ਪਾਕਿਸਤਾਨ ਦਾ ਇਕ ਹੋਰ ਸੰਗਠਨ ‘ਵਰਲਡ ਪੰਜਾਬ ਕਾਂਗਰਸ’ ਵੀ ਨਿਰੰਤਰ ਇਸ ਗੱਲ ਦੀ ਮੰਗ ਕਰਦਾ ਰਿਹਾ ਹੈ ਕਿ ਸੁਤੰਤਰਤਾ ਸੈਨਾਨੀ ਭਗਤ ਸਿੰਘ ਦਾ ਦੇਸ਼ ਦੇ ਨਾਇਕਾਂ ਦੀ ਤਰ੍ਹਾਂ ਸਨਮਾਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਕਿਸੇ ਇਕ ਦੇਸ਼ ਜਾਂ ਧਰਮ ਤੱਕ ਸੀਮਿਤ ਨਹੀਂ ਸੀ। ਇਸ ਸੰਗਠਨ ਨੇ ਕਿਹਾ ਹੈ ਕਿ ਭਗਤ ਸਿੰਘ ਨੇ ਜਬਰ, ਚਰਮਪੰਥੀ ਅਤੇ ਤਾਨਾਸ਼ਾਹੀ ਦੇ ਵਿਰੁੱਧ ਸਾਰੀਆਂ ਸੀਮਾਵਾਂ ਦੇ ਪਾਰ ਜਾ ਕੇ ਲੜਾਈ ਲੜੀ। ਇਸ ਸੰਗਠਨ ਦੇ ਪ੍ਰਧਾਨ ਫਾਖਰ ਜਾਮਨ ਦੇ ਅਨੁਸਾਰ ਉਹ ਤਕਰੀਬਨ 20 ਸਾਲਾਂ ਤੋਂ ਸ਼ਹੀਦੇ-ਆਜ਼ਮ ਦਾ ਸਮਾਰਕ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਾਮਨ ਫਾਂਸੀ ਸਥਾਨ ਦਾ ਨਾਮ ‘ਭਗਤ ਸਿੰਘ ਚੌਕ’ ਰੱਖਣ ਦੇ ਪੱਖ ’ਚ ਹਨ ਅਤੇ ਕਹਿੰਦੇ ਹਨ ਕਿ ਇਹ ਸਮਾਂ ਹੈ ਜਦੋਂ ਪੰਜਾਬ ਦੇ ਇਸ ਮਹਾਂਨਾਇਕ ਨੂੰ ਸ਼ਰਧਾਂਜਲੀ ਦੇਣ ਦੇ ਲਈ ਸਮਾਰਕ ਸਥਾਪਤ ਕਰ ਸਕਦੇ ਹਨ। ਇਹ ਸਾਲ ਭਰ ਪਹਿਲਾਂ ਦੀ ਹੀ ਗੱਲ ਹੈ ਜਦੋਂ ਉਨ੍ਹਾਂ ਨੇ ਉਮੀਦ ਜਤਾਈ ਸੀ ਕਿ ਦੋਨਾਂ ਦੇਸ਼ਾਂ ਦੇ ਵਿਚ ਮਿੱਤਰਤਾ ਸਬੰਧਾਂ ਦੇ ਲਈ ਕੰਮ ਕਰ ਰਹੇ ਸ਼ਾਂਤੀ ਸਮੂਹ ਅਤੇ ਬੁੱਧੀਜੀਵੀ ਇਸ ਮੁੱਦੇ ਨੂੰ ਉਠਾਉਣ ਦੇ ਲਈ ਭਾਰਤ ਸਰਕਾਰ ਉਤੇ ਦਬਾਅ ਬਣਾਉਣਗੇ। ਜਾਮਨ ਨੇ ਉਨ੍ਹੀਂ ਦਿਨੀਂ ਇਹ ਸਵਾਲ ਵੀ ਜ਼ਰੂਰੀ ਤੌਰ ’ਤੇ ਉਠਾਇਆ ਸੀ ਕਿ ਜਦੋਂ ਦੋਨਾਂ ਮੁਲਕਾਂ ’ਚ ਆਵਾਜਾਈ ਦੇ ਲਈ ਵਪਾਰੀਆਂ ਨੂੰ ਬਹੁ-ਪ੍ਰਦੇਸ਼ ਵੀਜ਼ਾ ਮਿਲ ਸਕਦਾ ਹੈ ਤਾਂ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਕਿਉਂ ਨਹੀਂ?

ਇਹ ਸੰਯੋਗ ਹੀ ਹੈ ਕਿ 23 ਮਾਰਚ ਦੀ ਜਿਸ ਤਾਰੀਖ ਨੂੰ ਲਾਹੌਰ ’ਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਫਾਂਸੀ ’ਤੇ ਲਟਕਾਇਆ ਗਿਆ ਸੀ, ਉਸੇ ਤਾਰੀਖ ਨੂੰ 1940 ’ਚ ਮੁਸਲਿਮ ਲੀਗ ਨੇ ਆਪਣੀ ਲਾਹੌਰ ਇਕੱਤਰਤਾ ’ਚ ਪਾਕਿਸਤਾਨ ਬਣਾਉਣ ਦਾ ਪ੍ਰਸਤਾਵ ਕੀਤਾ ਸੀ। ਹੁਣ ਪਾਕਿਸਤਾਨ ’ਚ 23 ਮਾਰਚ ਨੂੰ ‘ਪਾਕਿਸਤਾਨ ਦਿਵਸ’ ਮਨਾਇਆ ਜਾਂਦਾ ਹੈ। ਲੇਕਿਨ ਤਿੰਨ ਕੁ ਵਰ੍ਹੇ ਪਹਿਲਾਂ ਇਸ ਇਤਿਹਾਸਕ ਦਿਵਸ ’ਤੇ ਉਥੇ ਜੋ ਕੁਝ ਹੋਇਆ ਉਹ ਕੁਝ ਅਲੱਗ ਢੰਗ ਦਾ ਸੀ। ਇਕਦਮ ਬਦਲਿਆ-ਬਦਲਿਆ ਨਜ਼ਾਰਾ। ਸ਼ਾਦਮਾਨ ਚੌਕ ’ਤੇ 30 ਤੋਂ ਜ਼ਿਆਦਾ ਲੋਕ ਤੇਜ਼ ਧੁੱਪ ’ਚ ਘੰਟਿਆਂਬੱਧੀ ਪ੍ਰਦਰਸ਼ਨ ਕਰਦੇ ਰਹੇ। ਇਨ੍ਹਾਂ ’ਚ ਸਮਾਜਿਕ ਕਾਰਕੁੰਨ, ਫੈਕਟਰੀ ਮਜ਼ਦੂਰ, ਕੁਝ ਖੱਬੇਪੱਖੀ, ਅਲੱਗ-ਅਲੱਗ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਨਾਲ ਕੁਝ ਇਕ ਬੱਚੇ ਵੀ ਸਨ। ਉਹ ਸਭ ‘ਜ਼ਿੰਦਾ ਹੈ, ਭਗਤ ਸਿੰਘ ਜ਼ਿੰਦਾ ਹੈ’, ‘ਵੀ ਸੈਲਿਊਟ ਭਗਤ ਸਿੰਘ’, ‘ਹਰ ਜ਼ੁਲਮ ਦਾ ਇਕ ਜਵਾਬ, ਇਨਕਲਾਬ ਜ਼ਿੰਦਾਬਾਦ’ ਜਿਹੇ ਨਾਅਰੇ ਲਗਾ ਰਹੇ ਸੀ। ਉਨ੍ਹਾਂ ਦੀ ਮੰਗ ਵੀ ਇਹੀ ਸੀ ਯਾਨੀ ਸ਼ਾਦਮਾਨ ਚੌਕ ਨੂੰ ਭਗਤ ਸਿੰਘ ਚੌਕ ਘੋਸ਼ਿਤ ਕਰੋ। ਉਹ ਵਾਰ ਵਾਰ ਕਹਿ ਰਹੇ ਸੀ ਕਿ ਅਨੇਕਾਂ ਸਾਲਾਂ ਤੋਂ ਉਨ੍ਹਾਂ ਦੀ ਇਹ ਮੰਗ ਨਹੀਂ ਮੰਨੀ ਜਾ ਰਹੀ, ਅਜਿਹੇ ’ਚ ਉਨ੍ਹਾਂ ਨੇ ਖੁਦ ਹੀ ਉਸ ਸਥਾਨ ’ਤੇ ਭਗਤ ਸਿੰਘ ਚੌਕ ਦਾ ਸਾਇਨ ਬੋਰਡ ਲਗਾਉਣ ਦਾ ਫੈਸਲਾ ਕੀਤਾ ਹੈ। ਉਹ ਪ੍ਰਦਰਸ਼ਨਕਾਰੀ ਉਥੇ ਸੂਰਜ ਢੱਲਣ ਦੇ ਬਾਅਦ ਤੱਕ ਡਟੇ ਰਹੇ। ਫਿਰ ਰਾਤ ਨੂੰ ਉਨ੍ਹਾਂ ਨੇ ਮੋਮਬੱਤੀਆਂ ਜਲਾ ਕੇ

**SIKH LEHAR CENTER**
Mission: To organize and provide religious, social and educational programs for the awareness and enhancement of society as a whole based on the universal message of Guru Granth Sahib
79 Bramsteele Rd.
Brampton, ON L6W 3K6
www.sikhlehar.com
Tel: (905) 451-3335
Fax: (905) 451-2335
info@sikhlehar.com

ਮਾਰਚ ਕੱਢਿਆ। ਬੇਹੱਦ ਉਤਸਾਹਿਤ ਸੀ ਸਭ।ਉਥੇ ਮੌਜੂਦ ਸੋਨੀਆ ਕਾਇਰ ਨੇ ਨਿਡਰਤਾ ਨਾਲ ਕਿਹਾ ਕਿ 'ਪਾਕਿਸਤਾਨ 'ਚ ਭਗਤ ਸਿੰਘ ਦੇ ਆਦਰਸ਼ਾਂ ਨੂੰ ਫਿਰ ਤੋਂ ਜ਼ਿੰਦਾ ਕਰਨਾ ਬਹੁਤ ਜ਼ਰੂਰੀ ਹੈ। ਉਥੇ ਲੋਕ ਗਰੀਬੀ 'ਚ ਜਿਉਂ ਰਹੇ ਹਨ। ਧਾਰਮਿਕ ਕੱਟੜਤਾ ਦੀ ਸਮੱਸਿਆ ਮੂੰਹ ਅੱਡੀ ਖੜ੍ਹੀ ਹੈ। ਭਗਤ ਸਿੰਘ ਦੀ ਵਿਰਾਸਤ ਯਾਦ ਦਿਵਾਉਂਦੀ ਹੈ ਕਿ ਅਸੀਂ ਸਭ ਇਨਸਾਨ ਹਾਂ ਅਤੇ ਅਸੀਂ ਸ਼ੋਸ਼ਣ ਤੋਂ ਮੁਕਤ ਹੋਣਾ ਹੈ।'

ਯਾਦ ਆਉਂਦਾ ਹੈ ਪਾਕਿਸਤਾਨ 'ਚ ਇਕ ਨਾਮ ਅਮੀਰ ਜਲਾਲ ਦਾ। ਉਹ ਉਥੇ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਹਨ ਅਤੇ ਯੂਨੀਵਰਸਿਟੀ ਸਟੂਡੈਂਟ ਫੈਡਰੇਸ਼ਨ (ਯੂ. ਐਸ. ਐਫ) ਦੇ ਸੰਚਾਲਕ ਵੀ। ਕਦੇ ਉਹ ਸੰਗਠਨ ਉਸ 'ਇਸਲਾਮੀ-ਜਮੀਅਤ-ਏ-ਤੁਲਬਾ' ਦਾ ਵਿਰੋਧ ਕਰਨ ਦੇ ਲਈ ਬਣਿਆ ਸੀ ਕਿਉਂਕਿ ਉਸਦੀ ਸਥਾਨਨਾ ਜ਼ਿਆ-ਉਲ-ਹੱਕ ਦੀ ਤਾਨਾਸ਼ਾਹੀ ਦੇ ਸਮੇਂ ਪ੍ਰਗਤੀਸ਼ੀਲ, ਖੱਬੇਪੱਖੀ ਅਤੇ ਅਮਨ ਦੀਆਂ ਹਾਮੀ ਵਿਦਿਆਰਥੀ ਜਥੇਬੰਦੀਆਂ ਨੂੰ ਕੁਚਲਨ ਦੇ ਲਈ ਕੀਤੀ ਗਈ ਸੀ। ਮੈਨੂੰ ਨਹੀਂ ਪਤਾ ਕਿ ਯੂਨੀਵਰਸਿਟੀ ਸਟੂਡੈਂਟ ਫੈਡਰੇਸ਼ਨ ਦੀ ਹੁਣ ਕੀ ਸਥਿਤੀ ਹੈ। ਸ਼ਾਇਦ ਬੰਦ ਪਈ ਹੋਵੇ। ਪਰ 2010 'ਚ 23 ਮਾਰਚ ਨੂੰ ਲਾਹੌਰ 'ਚ ਲਾਪਤਾ ਵਿਅਕਤੀਆਂ ਦੇ ਮੁੱਦੇ 'ਤੇ ਇਕ ਸੈਮੀਨਰ ਆਯੋਜਿਤ ਹੋਇਆ ਜਿਸ 'ਚ ਅਮੀਰ ਜਲਾਲ ਪਹੁੰਚੇ। ਉਸ ਵਕਤ ਉਹ ਭਗਤ ਸਿੰਘ 'ਤੇ ਜ਼ੋਰਦਾਰ ਢੰਗ ਨਾਲ ਬੋਲੇ। ਉਨ੍ਹਾਂ ਦਾ ਕਹਿਣਾ ਸੀ ਕਿ, "ਭਗਤ ਸਿੰਘ ਵੀ ਲਾਪਤਾ ਹੈ ਅਤੇ ਜੇ ਅਸੀਂ ਖ਼ੁਦ ਨੂੰ ਲੱਭਣਾ ਹੈ ਤਾਂ ਸਾਨੂੰ ਉਨ੍ਹਾਂ ਨੂੰ ਲੱਭਣਾ ਹੋਵੇਗਾ। ਜਲਾਲ ਜਿਹੇ ਨੌਜਵਾਨਾਂ ਦੇ ਇਸ ਕਥਨ 'ਤੇ ਸਾਨੂੰ ਧਿਆਨ ਦੇਣਾ ਹੋਵੇਗਾ ਕਿ 'ਯੂ ਐਸ ਐਫ ਨੇ ਧਰਮ ਨਿਰਪੱਖਤਾ, ਬਹੁਲਤਾਵਾਦ ਅਤੇ ਲੋਕਤੰਤਰ ਜਿਹੇ ਮੁੱਲਾਂ ਦਾ ਸਮਰਥਨ ਕੀਤਾ। ਸਾਨੂੰ ਆਪਣੀ ਪ੍ਰੇਰਣਾ ਦੂਸਰਿਆਂ ਦੇ ਇਲਾਵਾ ਭਗਤ ਸਿੰਘ ਦੇ ਆਦਰਸ਼ਾਂ 'ਚੋਂ ਵੀ ਮਿਲੀ। ਅਸੀਂ ਦੋਸਤਾਂ ਦੇ ਨਾਲ ਅਕਸਰ ਉਨ੍ਹਾਂ ਦੀ ਚਰਚਾ ਕਰਦੇ ਹੁੰਦੇ ਸੀ।'

ਖ਼ਬਰ ਬਲੋਚਿਸਤਾਨ ਦੀ ਵੀ ਹੈ। ਉਥੇ ਰਾਸ਼ਟਰਵਾਦੀਆਂ ਦੇ ਵਿਰੁੱਧ ਪੰਜ ਸੈਨਾ ਅਭਿਆਨ ਚਲਾਏ ਜਾ ਚੁੱਕੇ ਹਨ ਜਿਸ ਵਿਚ ਹਜ਼ਾਰਾਂ ਬਲੋਚ ਕਾਰਕੁੰਨ ਫੜੇ ਗਏ। ਇਨ੍ਹਾਂ 'ਚੋਂ ਕਈ ਤਾਂ ਗੁੰਮ ਹਨ। 6 ਬਲੋਚ ਸਟੂਡੈਂਟਸ ਆਰਗੇਨਾਈਜੇਸ਼ਨ ਦੇ ਮੈਂਬਰ ਵੀ ਭਗਤ ਸਿੰਘ ਦੇ ਪ੍ਰਤੀ ਸ਼ਰਧਾਵਾਨ ਹਨ। ਉਨ੍ਹਾਂ ਨੇ ਵੀ ਸ਼ਾਦਮਾਨ ਚੌਕ 'ਤੇ ਭਗਤ ਸਿੰਘ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ। ਲੋਕਾਂ ਨੂੰ ਯਾਦ ਹੋਵੇਗਾ 2007 ਤੋਂ 2009 ਤੱਕ ਪਾਕਿਸਤਾਨ ਦੇ ਵਕੀਲਾਂ ਨੇ ਸੈਨਿਕ ਤਾਨਾਸ਼ਾਹ ਪ੍ਰਵੇਜ਼ ਮੁਸ਼ੱਰਫ਼ ਦੇ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ। ਪਾਕਿਸਤਾਨ ਦੀ ਧਰਤੀ 'ਤੇ ਇਹ ਇਕ ਅਲੱਗ ਢੰਗ ਦਾ ਅੰਦੋਲਨ ਸੀ। ਇਸ ਰਾਜਨੀਤਕ ਚੇਤਨਾ ਨੇ ਹੀ ਅੰਤ ਮੁਸ਼ਰਫ ਦੀ ਦਿਵਾਈ ਦੀ ਪਟਕਥਾ ਲਿਖਣੀ ਸ਼ੁਰੂ ਕੀਤੀ। ਮੈਨੂੰ ਉਦੋਂ ਇਹ ਦੇਖ-ਜਾਣ ਕੇ ਖੁਸ਼ੀ ਹੋਈ ਕਿ ਉਨ੍ਹਾਂ ਪ੍ਰਦਰਸ਼ਨਾਂ 'ਚ ਭਗਤ ਸਿੰਘ ਦੇ ਨਾਅਰੇ ਸੀ ਅਤੇ ਲੋਕਾਂ ਦੀ ਜ਼ੁਬਾਨ 'ਤੇ 'ਸਰਫਰੋਸ਼ੀ ਕੀ ਤਮੰਨਾ' ਜਿਹਾ ਕ੍ਰਾਂਤੀਕਾਰੀ ਗੀਤ ਬੋਲ ਰਿਹਾ ਸੀ। ਉਨ੍ਹਾਂ ਰੈਲੀਆਂ 'ਚ ਸ਼ਾਮਲ ਇਕ ਨੌਜਵਾਨ ਵਕੀਲ ਉਮਰ ਚੌਧਰੀ ਦਾ ਕਿਹਾ ਵੇਖੋ 'ਉਪ ਮਹਾਂਦੀਪ ਦੇ ਇਸ ਹਿੱਸੇ 'ਚ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਚੱਲੇ ਸੰਘਰਸ਼ 'ਚ ਗੈਰ ਮੁਸਲਮਾਨਾਂ ਦੀ ਭੂਮਿਕਾ ਨੂੰ ਅਸਾਨੀ ਨਾਲ ਭੁੱਲ ਜਾਂਦੇ ਹਨ। ਭਗਤ ਸਿੰਘ ਦੇ ਨਾਲ ਇਵੇਂ ਹੀ ਹੋਇਆ। ਇਹ ਗੱਲ ਪਾਠ ਪੁਸਤਕਾਂ 'ਚ ਕਿਤੇ ਨਜ਼ਰ ਨਹੀਂ ਆਉਂਦੀ ਕਿ ਮੁਹੰਮਦ ਅਲੀ ਜਿਨ੍ਹਾਂ ਭਗਤ ਸਿੰਘ ਦਾ ਸਮਰਥਨ ਕਰਦੇ ਸਨ। ਵੈਸੇ ਇਸ ਵਿਚ ਹੈਰਾਨੀ ਦੀ ਵੀ ਕੋਈ ਗੱਲ ਨਹੀਂ ਹੈ। ਭਗਤ ਸਿੰਘ ਵਿਦਰੋਹ ਦਾ ਪ੍ਰਤੀਕ ਹੈ ਤਾਂ ਉਹ ਉਸ ਸਰਕਾਰ ਦੇ ਲਈ ਹੀਰੋ ਕਿਵੇਂ ਹੋ ਸਕਦਾ ਹੈ ਜੋ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰਦੀ।'

ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ 'ਚ ਇਕ ਸੰਗਠਨ ਹੈ। 'ਜੰਮੂ-ਕਸ਼ਮੀਰ ਨੈਸ਼ਨਲ ਸਟੂਡੈਂਟਸ ਫੈਡਰੇਸ਼ਨ' (ਜੇ ਕੇ ਐਨ ਐਸ ਐਫ) ਜੋ ਲਗਾਤਾਰ ਪਾਕਿਸਤਾਨ ਸਰਕਾਰ ਦੇ ਸਹਿਯੋਗ ਨਾਲ ਚਲ ਰਹੇ ਜਿਹਾਦੀ ਕੈਂਪਾਂ ਦਾ ਖੁੱਲ੍ਹੇਆਮ ਵਿਰੋਧ ਕਰਦਾ ਹੈ। ਇਸ ਸੰਗਠਨ ਦੀ ਸੋਚ ਅਤੇ ਗਤੀਵਿਧੀਆਂ ਦੀਆਂ ਸੂਚਨਾਵਾਂ ਅਕਸਰ ਮੀਡੀਆ 'ਚ ਦਬਾਅ ਦਿੱਤੀਆਂ ਜਾਂਦੀਆਂ ਹਨ। ਪਾਕਿ ਸਰਕਾਰ ਵੀ ਇਵੇਂ ਹੀ ਚਾਹੁੰਦੀ ਹੈ। ਇਹ ਵੀ ਸੋਚ ਹੈ ਕਿ ਇਸਦੇ ਅਨੇਕਾਂ ਕਾਰਕੁੰਨਾਂ ਨੂੰ ਪਾਕਿਸਤਾਨੀ ਏਜੰਸੀਆਂ ਅਗਵਾ ਕਰ ਚੁੱਕੀਆਂ ਹਨ। ਸਾਡੇ ਲਈ ਇਹ ਜਾਣਨਾ ਸੁਖਦ ਹੈ ਕਿ ਇਸਦੀਆਂ ਰੈਲੀਆਂ 'ਚ ਲਹਿਰਾਉਂਦੇ ਪੋਸਟਰ/ਤਸਵੀਰਾਂ 'ਚ ਭਗਤ ਸਿੰਘ ਅਤੇ ਚੀ-ਗਵੇਰਾ ਹੁੰਦੇ ਹਨ। ਸੁਣੋਗੇ ਤੁਸੀਂ ਕਸ਼ਮੀਰ ਵਿਦਿਆਰਥੀ ਦਾਨਿਸ਼ ਖਾਨ ਦਾ ਬਿਆਨ- 'ਤੁਹਾਡੇ ਜਿਹੇ ਜ਼ਿਆਦਾਤਰ ਬਾਹਰੀ ਲੋਕਾਂ ਦੇ ਲਈ ਇਹ ਇਕ ਅਨੂਠੀ ਘਟਨਾ ਹੈ ਪਰ ਕਸ਼ਮੀਰ ਦੇ ਨੌਜਵਾਨਾਂ ਦੇ ਲਈ ਭਗਤ ਸਿੰਘ ਦੀ ਜ਼ਿੰਦਗੀ ਅਤੇ ਉਸਦੀ ਲੜਾਈ ਪ੍ਰੇਰਣਾ ਅਤੇ ਹੌਸਲੇ ਦਾ ਸ੍ਰੋਤ ਹੈ। ਉਹ ਪਾਕਿਸਤਾਨ ਨੂੰ ਜਬਰੀ ਕਬਜ਼ਾ ਜਮ੍ਹਾ ਕੇ ਬੈਠੀ ਤਾਕਤ ਦੇ ਰੂਪ 'ਚ ਵੇਖਦੇ ਹਨ, ਠੀਕ ਉਸੇ ਤਰ੍ਹਾਂ ਜਿਵੇਂ ਭਗਤ ਬ੍ਰਿਟਿਸ਼ ਹਕੂਮਤ ਨੂੰ ਦੇਖਦੇ ਸਨ।'

ਦੇਸ਼ ਵੰਡ ਦੇ 52 ਸਾਲਾਂ ਬਾਅਦ ਪਾਕਿਸਤਾਨ 'ਚ ਸੰਭਾਵਤ ਪਹਿਲੀ ਵਾਰ ਭਗਤ ਸਿੰਘ ਦੀ ਸ਼ਹਾਦਤ ਦੀ ਬਰਸੀ ਮਨਾਈ ਗਈ ਸੀ। 23 ਮਾਰਚ ਨੂੰ ਲਾਹੌਰ 'ਚ ਸੰਪੰਨ ਹੋਏ ਇਸ ਪ੍ਰੋਗਰਾਮ 'ਚ ਰਾਜਨੀਤਕ ਕਾਰਕੁੰਨ, ਲੇਖਕਾਂ, ਪੱਤਰਕਾਰਾਂ, ਸਭਿਆਚਾਰਕ ਕਾਮਿਆਂ ਅਤੇ ਵਿਦਿਆਰਥੀਆਂ ਨੇ ਬੇਹੱਦ ਆਪਣੇਪਣ ਨਾਲ ਹਿੱਸੇਦਾਰ ਹੁੰਦੇ ਹੋਏ ਇਸ ਕ੍ਰਾਂਤੀਕਾਰੀ ਸ਼ਹੀਦ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ। ਪ੍ਰਸਿੱਧ ਇਤਿਹਾਸਕਾਰ ਡਾ. ਲਾਲ ਬਹਾਦਰ ਵਰਮਾ ਵੀ ਉਨ੍ਹਾਂ 'ਚ ਸ਼ਾਮਲ ਸਨ। ਉਨ੍ਹਾਂ ਨੇ ਦੱਸਿਆ ਸੀ ਕਿ ਪ੍ਰੋਗਰਾਮ 'ਚ ਮੌਜੂਦ ਲੋਕਾਂ ਨੇ ਮੰਨਿਆ ਕਿ ਦੋਨਾਂ ਦੇਸ਼ਾਂ ਦੇ ਲੋਕਾਂ ਨੂੰ ਹੋਰ ਨੇੜੇ ਲਿਆਉਣ 'ਚ ਭਗਤ ਸਿੰਘ ਦਾ ਵਿਅਕਤੀਤਵ ਅਤੇ ਉਨ੍ਹਾਂ ਦੇ ਵਿਚਾਰ ਇਕ ਪ੍ਰੇਰਣਾ ਸ੍ਰੋਤ ਬਣ ਸਕਦੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਕ ਸਾਲ ਪਹਿਲਾਂ 23 ਮਾਰਚ ਨੂੰ ਲਾਹੌਰ 'ਚ ਏਲਨ ਵੁੱਡਜ਼ ਦੀ ਪ੍ਰਸਿੱਧ ਪੁਸਤਕ 'ਰੀਜਨ ਇਕ ਰਿਵੋਲਟ' ਦੇ ਉਰਦੂ ਸੰਸਥਕਰਨ ਦੇ ਉਦਘਾਟਨ ਸਮਾਰੋਹ ਦਾ ਵੱਡਾ ਭਾਗ ਭਗਤ ਸਿੰਘ ਦੀ ਯਾਦ ਨੂੰ ਸਮਰਪਿਤ ਸੀ ਜਿਸ ਦੀ ਪ੍ਰਧਾਨਗੀ ਉਰਦੂ ਦੈਨਿਕ 'ਜੰਗ' ਦੇ ਪੂਜਨੀਕ ਕੰਮ ਅਤੇ ਅਨੇਕਾਂ ਲੋਕਪ੍ਰਿਆ ਟੀ. ਵੀ. ਸੀਰੀਅਲਾਂ ਦੇ ਲੇਖਕ ਮਨੂੰ ਭਾਈ ਨੇ ਕੀਤੀ ਸੀ। ਮੈਨੂੰ ਇਹ ਵੀ ਪਤਾ ਲੱਗਾ ਕਿ ਪਾਕਿਸਤਾਨ ਦੇ ਸਤਿਕਾਰਤ ਪੰਦਰਵਾੜਾ 'ਜਦੋ ਜਹਿਦ' ਦੇ ਸੰਪਾਦਕ ਮੰਜੂਰ ਅਹਿਮਦ ਨੇ ਇਸ ਮੌਕੇ 'ਤੇ ਕਿਹਾ ਸੀ ਕਿ ਉਨ੍ਹਾਂ ਨੂੰ ਅੱਜ ਇਸ ਗੱਲ 'ਤੇ ਸ਼ਰਮਿੰਦਗੀ ਮਹਿਸੂਸ ਹੋ ਰਹੀ ਹੈ ਕਿ ਉਹ ਉਸੇ ਸ਼ਹਿਰ ਕਸੂਰ ਦੇ ਰਹਿਣ ਵਾਲੇ ਹਨ ਜਿਸ ਦੇ ਬਾਸ਼ਿੰਦੇ ਗੁਲਾਮ ਮੁਹੰਮਦ ਖਾਂ ਨੇ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਦੀ ਫਾਂਸੀ ਦੇ ਦਸਤਾਵੇਜ਼ ਉਤੇ ਦਸਤਖ਼ਤ ਕੀਤੇ ਸੀ ਜਦ ਕਿਸੇ ਦੂਸਰੇ ਹਿੰਦੋਸਤਾਨੀ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅੱਜ ਪਾਕਿਸਤਾਨ 'ਚ ਗੁਲਾਮ ਮੁਹੰਮਦ ਦਾ ਕੋਈ ਨਾਮਲੇਵਾ ਨਹੀਂ ਹੈ ਜਦਕਿ ਭਗਤ ਸਿੰਘ ਨੂੰ ਬਜ਼ੁਰਗ ਪੀੜ੍ਹੀ ਬਹੁਤ ਪਿਆਰ ਅਤੇ ਇੱਜ਼ਤ ਨਾਲ ਯਾਦ ਕਰਦੀ ਹੈ। ਇਹ ਵੀ ਜਾਣਨਯੋਗ ਹੈ ਕਿ 23 ਮਾਰਚ 1931 ਦੀ ਸ਼ਾਮ ਨੂੰ ਇਨ੍ਹਾਂ ਤਿੰਨਾਂ ਕ੍ਰਾਂਤੀਕਾਰੀਆਂ ਦੀ ਫਾਂਸੀ ਦੇ ਬਾਅਦ ਉਨ੍ਹਾਂ ਦੇ ਸਰੀਰ ਦੇ ਟੁਕੜੇ ਕਰਕੇ ਸਤਲੁਜ ਦੇ ਕਿਨਾਰੇ ਜਲਾਉਂਦੇ ਸਮੇਂ ਅੰਗਰੇਜ਼ੀ ਫੌਜੀ ਅਫ਼ਸਰ ਜਿਸ ਹਿੰਦੂ ਪੰਡਿਤ ਅਤੇ ਸਿੱਖ ਗ੍ਰੰਥੀ ਨੂੰ ਲੈ ਕੇ ਗਏ ਸੀ, ਉਹ ਵੀ ਕਸੂਰ ਦੇ ਹੀ ਰਹਿਣ ਵਾਲੇ ਸਨ। ਪਾਕਿਸਤਾਨ 'ਚ ਭਗਤ ਸਿੰਘ ਅਤੇ ਉਸਦੇ ਸ਼ਹੀਦ ਸਾਥੀਆਂ ਨੂੰ ਜਾਣਨ ਵਾਲੇ ਸਨ। ਪਾਕਿਸਤਾਨ 'ਚ ਭਗਤ ਸਿੰਘ ਅਤੇ ਉਸਦੇ ਸ਼ਹੀਦ ਸਾਥੀਆਂ ਨੂੰ ਜਾਣਨ ਵਾਲੇ ਅੱਜ ਬਹੁਤ ਥੋੜ੍ਹੇ ਸਨ। ਮੈਨੂੰ ਇਹ ਵੀ ਦੱਸਿਆ ਗਿਆ ਕਿ ਇਸ ਪ੍ਰੋਗਰਾਮ 'ਚ ਵੀ ਇਥੇ ਭਗਤ ਸਿੰਘ ਦੀ ਤਸਵੀਰ ਨਹੀਂ ਸੀ ਪਰ ਭਾਰਤ ਤੋਂ ਪਹੁੰਚੇ ਇਕ ਪ੍ਰਤੀਨਿਧ ਦੇ ਕੋਲ ਇਸ ਸ਼ਹੀਦ ਦਾ ਇਕ ਛੋਟਾ ਚਿੱਤਰ ਸੀ ਜਿਸ ਨੂੰ ਵੱਡਾ ਕਰਕੇ ਉਥੇ ਲਗਾਇਆ ਗਿਆ ਸੀ। ਇਹ ਘੱਟ ਸਨਮਾਨਜਨਕ ਨਹੀਂ ਹੈ ਕਿ ਪਾਕਿਸਤਾਨ 'ਚ ਸਿੰਧੀ ਸ਼ਾਇਰ ਸ਼ੇਖ ਅਜਾਜ ਨੇ 'ਇੰਸਟੀਚਿਊਟ ਆਫ਼ ਸਿੰਧੀਆਲੋਜੀ' ਤੋਂ ਪ੍ਰਕਾਸ਼ਿਤ ਆਪਣੀ ਪੁਸਤਕ 'ਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਫਾਂਸੀ 'ਤੇ ਚੜ੍ਹਨ ਤੋਂ ਪਹਿਲਾਂ ਦੇ ਵਿਚਾਰਾਂ 'ਤੇ ਇਕ ਕਾਵਿਕ ਨਾਟਕ ਦੀ ਰਚਨਾ ਕੀਤੀ। ਇਤਿਹਾਸ ਅਤੇ ਸੰਸਕ੍ਰਿਤੀ ਦਾ ਇਹ ਸਵਾਲ ਹੁਣ ਬੇਈਮਾਨੀ ਨਹੀਂ ਹੈ ਕਿ ਸਰਹੱਦ ਪਾਰ ਸ਼ਹੀਦੇ-ਆਜ਼ਮ ਦੀ ਕ੍ਰਾਂਤੀਕਾਰੀ ਚੇਤਨਾ ਅਤੇ ਸ਼ਹਾਦਤ ਦੀ ਯਾਦ ਦੋਨਾਂ ਦੇਸ਼ਾਂ ਦੇ ਵਿਚਕਾਰ ਬਹੁਤ ਸਾਰੇ ਮਸਲਿਆਂ ਨੂੰ ਸੁਲਝਾਉਣ ਦੀ ਦਿਸ਼ਾ 'ਚ ਸਾਨੂੰ ਰੌਸ਼ਨੀ ਵਿਖਾਉਣ ਦਾ ਕੰਮ ਕਰ ਸਕਦੀ ਹੈ। ਭਗਤ ਸਿੰਘ ਸਾਡਾ ਹੈ ਤਾਂ ਤੁਹਾਡਾ ਵੀ ਤਾਂ ਹੈ ਲਾਹੌਰੀਆਂ ਦਾ। ਸਾਲ 2007 'ਚ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਣ ਸਿੰਘ ਨੇ ਪਾਕਿਸਤਾਨ ਦੀ ਯਾਤਰਾ ਕੀਤੀ ਸੀ। ਉਹ ਸ਼ਹੀਦੇ-ਆਜ਼ਮ ਦਾ ਜਨਮ ਸ਼ਤਾਬਦੀ ਸਾਲ ਸੀ। ਉਨ੍ਹਾਂ ਨੇ ਵੀ ਦੱਸਿਆ ਸੀ ਕਿ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਤਤਕਾਲੀਨ ਗਵਰਨਰ ਨੇ ਵਾਅਦਾ ਕੀਤਾ ਸੀ ਕਿ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਵਾਲੀ ਜਗ੍ਹਾ 'ਤੇ ਸ਼ਹੀਦ ਦਾ ਸਮਾਰਕ ਬਣਾਇਆ ਜਾਵੇਗਾ, ਪਰ ਉਹ ਪੂਰਾ ਨਹੀਂ ਹੋਇਆ।

.....ਹੁਣ ਨਵੀਂ ਖ਼ਬਰ ਇਹ ਹੈ ਕਿ ਪਾਕਿ ਦੀ ਧਰਤੀ 'ਤੇ ਭਗਤ ਸਿੰਘ ਦਾ ਸਮਾਰਕ ਬਣਾਏ ਜਾਣ ਦਾ ਸਿਲਸਿਲਾ ਟੁੱਟ ਗਿਆ ਹੈ। ਇਹ ਸੁਣਨਾ ਸਾਡੇ ਲਈ ਅਤਿਅੰਤ ਦੁਖਦ ਹੈ। ਇਸ ਤੋਂ ਪਹਿਲਾਂ ਹੋਇਆ ਇਹ ਸੀ ਕਿ ਇਕ ਸਰਕਾਰੀ ਸੰਮਤੀ (ਪੈਨਲ) ਨੇ 'ਜਮਾਤ-ਉਦ-ਦਾਅਵਾ' (ਜੇ ਯੂ ਡੀ) ਜਿਹੇ ਉਦਾਰਵਾਦੀ ਸੰਗਠਨਾਂ ਦੇ ਤਿੱਖੇ ਵਿਰੋਧ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਦਾ ਐਲਾਨ ਕਰ ਦਿੱਤਾ ਸੀ, ਪਰ ਜੇ ਯੂ ਡੀ ਨਾਲ ਜੁੜੇ 'ਤਹਿਰੀਕ-ਏ-ਹੁਰਮਤ-ਏ-ਰਸੂਲ' ਨੇ ਗੋਲ ਚੱਕਰ ਨੂੰ ਸ਼ਹੀਦੇ-ਆਜ਼ਮ ਦੇ ਨਾਮ 'ਤੇ ਬਣਾਉਣ ਦੇ ਵਿਰੋਧ 'ਚ ਲਾਹੌਰ ਹਾਈਕੋਰਟ 'ਚ ਇਕ ਜਾਚਿਕਾ ਦਾਇਰ ਕੀਤਾ ਜਿਸ ਉਤੇ ਜੱਜ ਨਸੀਰ ਸਾਈਦ ਸ਼ੇਖ ਨੇ ਪੰਜਾਬ ਸਰਕਾਰ ਅਤੇ ਲਾਹੌਰ ਜ਼ਿਲ੍ਹਾ ਪ੍ਰਸ਼ਾਸਨ ਤੋਂ 29 ਨਵੰਬਰ 2012 ਤੱਕ ਜਵਾਬ ਮੰਗਦੇ ਹੋਏ ਨਾਮ ਬਦਲੇ ਜਾਣ 'ਤੇ ਰੋਕ ਲਗਾ ਦਿੱਤੀ। ਅੱਤਵਾਦੀ ਸੰਗਠਨ ਇਸ ਦਾ ਵਿਰੋਧ ਪਹਿਲਾਂ ਹੀ ਕਰ ਰਹੇ ਸੀ। ਜਾਚਿਕਾ ਦਾਇਰ ਕਰਨ ਵਾਲੇ ਸਥਾਨਕ ਵਪਾਰੀ ਜਾਹਿਦ ਭੱਟ ਨੇ ਦਾਅਵਾ ਕੀਤਾ ਸੀ ਕਿ ਭਾਰਤੀ ਖੁਫੀਆ ਏਜੰਸੀ ਰਾਅ ਨੇ ਇਸ ਮੁੱਦੇ ਨੂੰ ਉਠਾਉਣ ਦੇ ਲਈ 'ਭਗਤ ਸਿੰਘ ਫਾਊਂਡੇਸ਼ਨ' ਨੂੰ ਧੰਨ ਦਿੱਤਾ ਹੈ। ਉਨ੍ਹਾਂ 'ਚ ਇਹ ਵੀ ਕਹਿਣਾ ਸੀ ਕਿ ਫਾਊਂਡੇਸ਼ਨ ਨੇ 'ਦਿਲਕਸ਼ ਲਾਹੌਰ ਸੰਮਤੀ' ਦੇ ਨਾਲ ਲਾਬਿੰਗ ਕੀਤੀ ਹੈ। ਇਸੇ ਸੰਮਤੀ ਵਲੋਂ ਗੋਲ ਚੱਕਰ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੀ ਸਿਫਾਰਸ਼ ਆਈ ਹੈ।



'ਜਮਾਤ-ਉਦ-ਦਾਵਾ' ਦੇ ਨੇਤਾ ਅਤੇ ਤਹਰੀਕ-ਏ-ਹੁਰਮਤ-ਏ-ਰਸੂਲ' ਦੇ ਪ੍ਰਮੁੱਖ ਮੌਲਾਨਾ ਅਮੀਰ ਹਮਜਾ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਉਨ੍ਹਾਂ ਦਾ ਸੰਗਠਨ ਕਿਸੇ ਵੀ ਸਥਾਨ ਦਾ ਨਾਮ ਹਿੰਦੂਆਂ, ਸਿੱਖਾਂ ਜਾਂ ਈਸਾਈਆਂ ਦੇ ਨਾਮ 'ਤੇ ਰੱਖਣ ਦੀ ਮਨਜ਼ੂਰੀ ਨਹੀਂ ਦੇਵੇਗਾ। ਉਨ੍ਹਾਂ ਦਾ ਕਥਨ ਹੈ ਕਿ ਪਾਕਿਸਤਾਨ ਇਕ ਇਸਲਾਮੀ ਦੇਸ਼ ਹੈ ਅਤੇ ਅਜਿਹੇ ਵਿਚਾਰਾਂ ਦੀ ਸਰਾਹਣਾ ਨਹੀਂ ਕੀਤੀ ਜਾ ਸਕਦੀ। 'ਜਮਾਤ-ਉਦ-ਦਾਵਾ' ਨੇ ਇਕ ਪੱਤਰ 'ਚ ਤਿੱਖੇ ਸ਼ਬਦਾਂ 'ਚ ਜ਼ਿਲ੍ਹਾ ਪ੍ਰਸ਼ਾਸਨ ਪ੍ਰਮੁੱਖ ਨੂਰੁਲ ਅਮੀਨ ਮੇਂਗਲ ਅਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਇਕ ਹਿੰਦੂ ਸੁਤੰਤਰਤ ਸੈਨਾਨੀ ਦੇ ਨਾਮ 'ਤੇ ਉਸ ਸਥਾਨ ਦਾ ਨਾਮਕਰਨ ਕਰਨ ਦੇ ਵਿਰੁੱਧ ਚਿਤਾਵਨੀ ਦਿੱਤੀ। ਮਾਮਲਾ ਅੱਗੇ ਵਧਿਆ ਤਾਂ 'ਦਿਲਕਸ਼ ਲਾਹੌਰ ਸੰਮਤੀ' ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਕਿ ਗੋਲ ਚੱਕਰ ਦਾ ਨਾਮ ਬਿਨਾਂ ਦੇਰੀ ਕੀਤੇ ਬਦਲ ਦਿੱਤਾ ਜਾਏ। ਇਸ ਸਬੰਧ 'ਚ ਸਮਾਜਿਕ ਕਾਰਕੁੰਨਾਂ ਨੇ ਪਾਕਿਸਤਾਨ ਦੀ ਇਕ ਅਦਾਲਤ 'ਚ ਦੋ ਬੇਨਤੀਆਂ ਕਰਕੇ ਉਸ ਸਥਾਨ ਨੂੰ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖੇ ਜਾਣ ਦੀ ਚੁਣੌਤੀ ਦੇਣ ਦੇ ਮਾਮਲੇ 'ਚ ਉਨ੍ਹਾਂ ਨੂੰ ਵੀ ਤਰਫ਼ਦਾਰ ਬਣਾਉਣ ਦੇ ਲਈ ਕਿਹਾ। ਤੈਮੂਰ ਰਹਿਮਾਨ ਅਤੇ ਸਾਇਦਾ ਦੀਪ ਨੇ ਵਕੀਲ ਯਾਸਿਰ ਲਤੀਫ਼ ਹਮਦਾਨੀ ਦੇ ਜ਼ਰੀਏ ਲਾਹੌਰ ਹਾਈਕੋਰਟ 'ਚ ਦੋ ਬੇਨਤੀਆਂ ਕਰਦੇ ਹੋਏ ਜਾਚਿਕਾ ਕਰਤਾ ਦੇ ਇਸ ਤਰਕ ਦਾ ਉਤਰ ਦੇਣ ਦਾ ਯਤਨ ਕੀਤਾ ਕਿ ਇਹ ਗਲਤ ਤਸਵੀਰ ਬਣਾਈ ਗਈ ਹੈ ਕਿ ਫੁਹਾਰਾ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣਾ 'ਪਾਕਿਸਤਾਨ ਦੇ ਵਿਰੁੱਧ ਸਾਜ਼ਿਸ਼' ਹੈ। ਬੇਨਤੀ ਪੱਤਰਾਂ 'ਚ ਇਹ ਵੀ ਕਿਹਾ ਗਿਆ ਕਿ ਭਗਤ ਸਿੰਘ ਦੀ ਯਾਦ 'ਚ ਅਜਿਹਾ ਕੀਤਾ ਜਾਣਾ 'ਦੇਸ਼ ਭਗਤੀ ਦਾ ਵੱਡਾ ਕਦਮ' ਹੈ। ਨਾਲ ਹੀ ਇਹ ਸਪਸ਼ਟ ਕੀਤਾ ਗਿਆ ਕਿ ਭਗਤ ਸਿੰਘ ਗੈਰ ਸੰਪ੍ਰਦਾਇਕ ਸੁਤੰਤਰਤਾ ਸੈਨਾਨੀ ਸਨ ਜਿਨ੍ਹਾਂ ਨੇ ਮੁਸਲਮਾਨਾਂ ਸਮੇਤ ਸਾਰਿਆਂ ਦੀ ਆਜ਼ਾਦੀ ਦੇ ਲਈ ਸੰਘਰਸ਼ ਕੀਤਾ। ਇਹ ਜਾਣਨਯੋਗ ਹੈ ਕਿ 'ਤਹਰੀਕ-ਏ-ਹੁਰਮਤ-ਏ-ਰਸੂਲ' ਨੇ ਪਹਿਲਾਂ ਇਸ ਸਥਾਨ ਦਾ ਨਾਮ ਚੌਧਰੀ ਰਹਿਮਤ ਅਲੀ ਦੇ ਨਾਮ 'ਤੇ ਰੱਖੇ ਜਾਣ ਦਾ ਸਮਰਥਨ ਕੀਤਾ ਸੀ ਜਿਸ ਦੇ ਵਿਰੋਧ 'ਚ ਭਗਤ ਸਿੰਘ ਦੇ ਪੱਖੀਆਂ ਨੇ ਇਹ ਦਲੀਲ ਦਿੱਤੀ ਕਿ ਅਲੀ ਅਜਿਹੇ ਲੇਖਕ ਸਨ ਜਿਨ੍ਹਾਂ ਨੇ ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਹਾ 'ਤੇ ਹਮਲਾ ਕੀਤਾ ਸੀ। ਉਨ੍ਹਾਂ ਨੇ ਦੱਸਿਆ ਕਿ ਇਹ ਸਹੀ ਹੈ ਕਿ 'ਪਾਕਿਸਤਾਨ' ਦਾ ਨਾਮ ਅਲੀ ਨੇ ਸੁਝਾਇਆ ਸੀ ਪਰ 1947 'ਚ ਨਵੇਂ ਮੁਲਕ ਦੇ ਬਣਨ ਦੇ ਬਾਅਦ ਹੀ ਉਨ੍ਹਾਂ ਨੇ ਉਸ ਨਾਲ ਸਾਰੇ ਰਿਸ਼ਤੇ ਤੋੜ ਲਏ ਅਤੇ ਉਸਦੇ ਬਾਅਦ ਹਮੇਸ਼ਾ ਬ੍ਰਿਟੇਨ 'ਚ ਰਹੇ ਅਤੇ ਜਿਨ੍ਹਾਂ ਭਾਵ ਮੁਸਲਿਮ ਲੀਗ ਦੇ ਖਿਲਾਫ਼ ਲਿਖਿਆ। ਪਾਕਿਸਤਾਨ ਦੇ 'ਦਾ ਐਕਸਪ੍ਰੈਸ ਟ੍ਰਿਬਿਊਨ' ਨੇ ਇਸ 'ਤੇ ਟਿੱਪਣੀ ਕਰਦੇ ਹੋਏ ਲਿਖਿਆ ਸੀ ਕਿ ਜੋ ਦਲੀਲਾਂ ਭਗਤ ਸਿੰਘ ਦੇ ਵਿਰੋਧ 'ਚ ਦਿੱਤੀਆਂ ਜਾ ਰਹੀਆਂ ਹਨ ਉਸ ਤੋਂ ਇਕ ਗੱਲ ਤਾਂ ਸਾਫ਼ ਹੋ ਜਾਂਦੀ ਹੈ ਕਿ ਦੂਸਰੇ ਮਜ਼ਬਾਂ ਦੇ ਪ੍ਰਤੀ ਸਾਡੀ ਸਹਿਣਸ਼ੀਲਤਾ ਘਟਦੀ ਜਾ ਰਹੀ ਹੈ ਅਤੇ ਨਾਸਮਝਦੀ ਵਧਦੀ ਜਾ ਰਹੀ ਹੈ। ਹਾਲਾਂਕਿ, ਇਸ ਰਵੱਈਏ ਨੂੰ ਬਦਲਣ ਦੀ ਪੁਰਜ਼ੋਰ ਕੋਸ਼ਿਸ਼ ਹੋਈ ਹੈ। ਸਕੂਲੀ ਕਿਤਾਬਾਂ 'ਚ ਭਗਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ ਪਰ ਹੁਣ ਵੀ ਮੁਲਕ ਦੀ ਇਕ ਵੱਡੀ ਆਬਾਦੀ ਇਹ ਨਹੀਂ ਜਾਣਦੀ ਕਿ ਭਗਤ ਸਿੰਘ ਸਾਡੇ ਲਈ ਕੁਰਬਾਨ ਹੋ ਗਏ। ਪੰਜਾਬ 'ਚ ਜਾਰਨਵਾਲ ਦੇ ਕੋਲ ਉਨ੍ਹਾਂ ਦਾ ਜਨਮ ਹੋਇਆ ਸੀ। ਉਨ੍ਹਾਂ ਦੀ ਤਾਲੀਮ ਲਾਹੌਰ 'ਚ ਹੀ ਹੋਈ। ਇਸੇ ਮਿੱਟੀ 'ਚ ਉਹ ਖਾਕ ਵੀ ਹੋ ਗਏ। ਅਜਿਹੇ 'ਚ ਅਲੱਗ ਮਜ਼ਬ ਦੀ ਵਜ੍ਹਾ ਨਾਲ ਹੀ ਕੀ ਅਸੀਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਨਹੀਂ ਦੇਵਾਂਗੇ?

ਪਰ ਮੈਂ ਨਹੀਂ ਜਾਣਦਾ ਕਿ ਬਾਵਜੂਦ ਇਸਦੇ ਪਾਕਿਸਤਾਨ ਦੇ ਹੁਕਮਰਾਨ, ਉਥੋਂ ਦੀਆਂ ਅਦਾਲਤਾਂ 'ਚ ਬੈਠੇ ਜੱਜ ਉਸ ਮੁਲਕ ਦੀਆਂ ਕੱਟੜਪੰਥੀ ਤਾਕਤਾਂ ਦੇ ਵਿਰੁੱਧ ਕਿਸੇ ਫੈਸਲੇ ਨੂੰ ਅੰਜਾਮ ਦੇਣਗੇ। ਇਹ ਵੀ ਹੈਰਾਨੀਜਨਕ ਹੈ ਕਿ ਭਾਰਤ ਦੇ ਪ੍ਰਗਤੀਸ਼ੀਲਾਂ, ਖੱਬੇਪੱਖੀਆਂ ਅਤੇ ਭਗਤ ਸਿੰਘ ਦੇ ਨਾਮ 'ਤੇ ਸੰਗਠਨ ਚਲਾਉਣ ਵਾਲਿਆਂ ਨੇ ਵੀ ਪਾਕਿ ਦੀਆਂ ਉਨ੍ਹਾਂ ਕੱਟੜਪੰਥੀ ਸ਼ਕਤੀਆਂ ਦੇ ਵਿਰੁੱਧ ਕੋਈ ਬਿਆਨ ਤੱਕ ਜਾਰੀ ਨਹੀਂ ਕੀਤਾ ਜੋ ਲਾਹੌਰ ਦੀ ਧਰਤੀ ਤੇ ਪਗਤ ਸਿੰਘ ਨੂੰ ਜੰਮਦੇ ਹੀ ਮਾਰਨ 'ਤੇ ਉਤਾਰੂ ਹੋ ਗਏ। ਇਹ ਘੱਟ ਨਿਰਾਸ਼ਾਜਨਕ ਸਥਿਤੀ ਨਹੀਂ ਹੈ। ਗਲੋਬਲ ਹੋ ਰਹੀ ਦੁਨੀਆ 'ਚ ਵੀ ਕਿੰਨੇ ਸੰਕੁਚਿਤ ਹਾਂ। ਇਹ ਦੁਖਦ ਹੈ ਕਿ ਪੂਰੀ ਦੁਨੀਆ 'ਚ ਸਾਮਰਾਜਵਾਦ ਦੇ ਖ਼ਾਤਮੇ ਦਾ ਸੁਪਨਾ ਦੇਖਣ ਵਾਲੇ ਇਕ ਅਨੋਖੇ ਕ੍ਰਾਂਤੀਕਾਰੀ ਨਾਲ ਉਸਦਾ ਜਨਮ ਸਥਾਨ, ਕਰਮ ਭੂਮੀ ਅਤੇ ਬਲੀਦਾਨ ਦੀ ਧਰਤੀ ਖੋਹ ਕੇ ਉਸਨੂੰ ਦਰ-ਬਦਰ ਕਰ ਦਿੱਤਾ ਗਿਆ। ਪਰ ਇਹ ਸ਼ਹੀਦੇ-ਆਜ਼ਮ ਯੁੱਗਾਂ ਤੱਕ ਆਪਣੀ ਕ੍ਰਾਂਤੀਕਾਰੀ ਚੇਤਨਾ ਦੇ ਨਾਲ ਦੁਨੀਆ ਭਰ ਦੇ ਨੌਜਵਾਨਾਂ ਦੇ ਦਿਲਾਂ 'ਚ ਹਰ ਪਲ ਧੜਕਦਾ ਰਹੇਗਾ।

# ਸੰਘਰਸ਼ ਦੀ ਲੰਮੀ ਗਾਥਾ ਹੈ ਕਾਮਾਗਾਟਾ ਮਾਰੂ ਦਾ ਨਿਰੰਤਰ ਸਫ਼ਰ



**ਕੰਵਰ ਸੰਧੂ**

23 ਮਈ 1914 ਨੂੰ ਪੰਜਾਬ ਤੋਂ 376 ਮੁਸਾਫਰਾਂ ਨੂੰ ਲੈ ਕੇ ਭਾਫ ਨਾਲ ਚੱਲਣ ਵਾਲਾ ਇਕ ਜਾਪਾਨੀ ਸਮੁੰਦਰੀ ਜਹਾਜ਼ ਵੈਨਕੂਵਰ ਬੰਦਰਗਾਹ 'ਤੇ ਪੁੱਜਿਆ। ਏਸ਼ਿਆਈ ਪਰਵਾਸੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਲਈ ਬਣਾਏ ਗਏ ਕਾਨੂੰਨ ਕਾਰਨ 352 ਮੁਸਾਫਰਾਂ ਨੂੰ ਕੈਨੇਡਾ ਦੀ ਧਰਤੀ 'ਤੇ ਉਤਰਨ ਦੇਣ ਤੋਂ ਮਨ੍ਹਾਂ ਕਰ ਦਿੱਤਾ ਗਿਆ ਅਤੇ ਭਾਰਤ ਮੁੜਨ ਲਈ ਮਜਬੂਰ ਕਰ ਦਿੱਤਾ ਗਿਆ। ਵਤਨ ਵਾਪਸੀ 'ਤੇ ਮੁਸਾਫਰਾਂ ਨੇ ਗ੍ਰਿਫਤਾਰੀਆਂ ਦਾ ਵਿਰੋਧ ਕੀਤਾ ਅਤੇ ਬਜਬਜ ਘਾਟ 'ਤੇ ਪੁਲੀਸ ਨੇ ਗੋਲੀਆਂ ਚਲਾ ਕੇ 19 ਮੁਸਾਫਰਾਂ ਨੂੰ ਸ਼ਹੀਦ ਕਰ ਦਿੱਤਾ।

**"ਪਰਵਾਸੀ ਨਿਰੰਤਰ ਸਫ਼ਰ ਦੇ ਕਾਨੂੰਨ ਦੀਆਂ ਸ਼ਰਤਾਂ ਮੁਤਾਬਕ ਹੀ ਉੱਥੇ ਗਏ ਸਨ ਅਤੇ ਕੈਨੇਡਾ ਅਜਿਹੀ ਕੋਈ ਕਾਨੂੰਨੀ ਦਲੀਲ ਪੇਸ਼ ਨਹੀਂ ਕਰ ਸਕਦੀ, ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਜਾਵੇ। ਅਸੀਂ ਯਕੀਨਨ ਕਹਿ ਸਕਦੇ ਹਾਂ ਕਿ ਇਨ੍ਹਾਂ ਵਿਅਕਤੀਆਂ ਨੂੰ ਕਾਨੂੰਨੀ ਤੌਰ 'ਤੇ ਵਾਪਸ ਨਹੀਂ ਭੇਜਿਆ ਜਾ ਸਕਦਾ ਅਤੇ ਜੇ ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਕੀਤੀ ਗਈ ਤਾਂ ਕੈਨੇਡੀਅਨ ਇਕ ਅਜਿਹੀ ਗੜਬੜ ਨੂੰ ਸੱਦਾ ਦੇ ਰਹੇ ਹੋਣਗੇ ਜਿਸ ਦੇ ਸਿੱਟੇ ਵਜੋਂ ਦੱਖਣੀ ਅਫ਼ਰੀਕਾ ਨਾਲੋਂ ਕਿਤੇ ਵੱਧ ਭਿਆਨਕ ਹੋਣਗੇ"**

ਵੈਨਕੂਵਰ ਅਤੇ ਟੋਰਾਂਟੋ ਵਿੱਚ 'ਜੀ ਆਇਆਂ ਨੂੰ' ਪੰਜਾਬੀ ਵਿੱਚ ਲਿਖੇ ਸੂਚਕ ਤੁਹਾਡਾ ਸਵਾਗਤ ਕਰਦੇ ਹਨ। ਕੈਲਗਰੀ ਵਿੱਚ ਇਕ ਪਾਰਕ ਦਾ ਨਾਂ ਹਰਨਾਮ ਸਿੰਘ ਹਰੀ ਦੇ ਨਾਂ ਸਮਰਪਿਤ ਕੀਤਾ ਗਿਆ ਹੈ ਜੋ ਇਥੇ ਆ ਕੇ ਵਸਣ ਵਾਲੇ ਪਹਿਲੇ ਸਿੱਖ ਸਨ ਅਤੇ ਉਹ ਅਲਬਰਟਾ ਵਿੱਚ ਸਫਲ ਕਿਸਾਨ ਸਾਬਤ ਹੋਏ ਸੀ। ਦਸਤਾਰਧਾਰੀ ਸਿੱਖ ਅਫਸਰ ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ ਦਾ ਹਿੱਸਾ ਹਨ। ਕੈਨੇਡਾ ਦੀਆਂ ਸਿਆਸੀ ਹਸਤੀਆਂ ਦੇ ਨਾਵਾਂ ਦੀ ਪੜਚੋਲ ਕਰਦਿਆਂ ਤੁਹਾਨੂੰ ਇਸ ਦਾ ਉੱਤਰੀ ਭਾਰਤ ਨਾਲ ਭੁਲੇਖਾ ਪੈਂਦਾ ਹੈ। ਕੈਨੇਡਾ ਵਿੱਚ ਪੰਜਾਬੀਆਂ ਨੇ ਵਾਕਈ ਮੁਕਾਮ ਹਾਸਲ ਕਰ ਲਿਆ ਹੈ।

ਇਥੇ ਆ ਕੇ ਵਸਣ ਵਾਲਾ ਪਹਿਲਾ ਸਿੱਖ ਕੇਸਰ ਸਿੰਘ ਫੌਜੀ ਸੀ ਅਤੇ ਮੰਨਿਆ ਜਾਂਦਾ ਹੈ ਕਿ ਉਹ 1897 ਵਿੱਚ ਵੈਨਕੂਵਰ ਪੁੱਜਿਆ ਸੀ। ਕੇਸਰ ਸਿੰਘ ਤੋਂ ਬਾਅਦ ਕਈ ਹੋਰ ਆਏ, ਜਿਨ੍ਹਾਂ ਨੂੰ ਰੇਲਵੇ, ਆਰਾ ਮਿੱਲਾਂ ਅਤੇ ਖਾਣਾਂ ਵਿੱਚ ਕੰਮ ਮਿਲਿਆ। ਕੈਨੇਡਾ ਦੀ 1900 ਦੀ ਮਰਦਮਸ਼ੁਮਾਰੀ ਅਨੁਸਾਰ ਉਦੋਂ ਉੱਥੇ ਲਗਪਗ 2000 ਭਾਰਤੀ ਸਨ, ਜਿਨ੍ਹਾਂ ਵਿੱਚੋਂ ਬਹੁਤੇ ਸਿੱਖ ਸਨ। ਕੈਨੇਡਾ ਏਸ਼ਿਆਈ ਪਰਵਾਸੀਆਂ ਲਈ ਦੁਆਰ ਖੋਲ੍ਹਣ ਲਈ ਇਕ ਲਹੂਵੀਟਵਾਂ ਸੰਘਰਸ਼ ਕਰਨਾ ਪਿਆ ਸੀ।

23 ਮਈ 1914 ਨੂੰ ਹਾਂਗਕਾਂਗ ਤੋਂ ਭਾਰਤੀ ਮੁਸਾਫਰਾਂ ਨੂੰ ਲੈ ਕੇ ਪੁੱਜੇ ਕਾਮਾਗਾਟਾ ਮਾਰੂ ਜਹਾਜ਼ ਨੂੰ ਕੰਢੇ ਨਾ ਲੱਗਣ ਦਿੱਤਾ ਅਤੇ ਵਾਪਸ ਭੇਜ ਦਿੱਤਾ ਗਿਆ। ਇਹ ਭਾਰਤ ਤੋਂ ਸਿੱਖਾਂ ਅਤੇ ਹੋਰਨਾਂ ਦੇ ਕੈਨੇਡਾ ਲਈ ਪਰਵਾਸ ਦੀ ਇਕ ਯੁੱਗ ਪਲਟਾਊ ਘਟਨਾ ਬਣ ਗਈ। ਅੱਜ ਉਸ ਘਟਨਾ ਤੋਂ 100 ਸਾਲਾਂ ਬਾਅਦ ਕੈਨੇਡਾ ਵਿੱਚ 10 ਲੱਖ ਤੋਂ ਵੱਧ ਭਾਰਤੀ ਵਸ ਰਹੇ ਹਨ ਜਿਨ੍ਹਾਂ 'ਚੋਂ ਲਗਪਗ 5 ਲੱਖ ਸਿੱਖ ਹਨ। ਇਸ ਵੇਲੇ ਕੈਨੇਡਾ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਕੁੱਲ ਆਬਾਦੀ ਦਾ ਲਗਪਗ ਤਿੰਨ ਫੀਸਦ ਬਣਦੀ ਹੈ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਅਤੇ ਓਂਟਾਰੀਓ ਦੇ ਬਰੈਂਪਟਨ ਜਿਹੇ ਸ਼ਹਿਰਾਂ ਵਿੱਚ ਸਿੱਖਾਂ ਸਮੇਤ ਪੰਜਾਬੀਆਂ ਦੀ ਬਹੁ-ਗਿਣਤੀ ਹੈ।

ਕਾਮਾਗਾਟਾ ਮਾਰੂ ਕਾਂਡ ਕੈਨੇਡੀਅਨ ਸਰਕਾਰ ਵੱਲੋਂ ਘੜੇ ਗਏ ਵਿਤਕਰੇਬਾਜ਼ ਆਵਾਸ ਕਾਨੂੰਨਾਂ ਖ਼ਿਲਾਫ਼ ਵੱਡੇ ਸੰਘਰਸ਼ ਦੀ ਸ਼ੁਰੂਆਤ ਸੀ। 1907 ਵਿੱਚ ਕੈਨੇਡਾ ਵਿੱਚ ਭਾਰਤੀਆਂ ਨੂੰ ਵੋਟ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਗਿਆ। ਭਾਰਤੀਆਂ ਨੂੰ ਕੈਨੇਡਾ ਵਿੱਚ ਦਾਖ਼ਲ ਹੋਣ ਲਈ ਪ੍ਰਤੀ ਜੀਅ 200 ਡਾਲਰ ਦੇਣੇ ਪੈਂਦੇ ਸਨ ਜੋ ਉਸ ਵਕਤ ਬਹੁਤ ਵੱਡੀ ਰਕਮ ਸੀ। 1908 ਵਿੱਚ ਕੰਟੀਨਿਊਸ ਪਾਸੇਜ ਐਕਟ ਪਾਸ ਕਰ ਦਿੱਤਾ ਗਿਆ ਜਿਸ ਤਹਿਤ ਕੈਨੇਡਾ ਆਉਣ ਵਾਲੇ ਹਰੇਕ ਸ਼ਖ਼ਸ ਨੂੰ ਆਪਣੇ ਮੂਲ ਸਥਾਨ ਤੋਂ ਸਿੱਧਾ ਆਉਣਾ ਲਾਜ਼ਮੀ ਕਰ ਦਿੱਤਾ ਗਿਆ ਜੋ ਏਸ਼ਿਆਈ ਦੇਸ਼ਾਂ ਦੇ ਲੋਕਾਂ ਲਈ ਅਸੰਭਵ ਸੀ।

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸਰਹਾਲੀ ਦਾ ਬਾਬਾ ਗੁਰਦਿੱਤ ਸਿੰਘ ਸੰਧੂ, ਜੋ ਉਸ ਵੇਲੇ ਹਾਂਗਕਾਂਗ ਵਿੱਚ ਇਕ ਧਨਾਢ ਵਪਾਰੀ ਸੀ, ਨੇ ਭਾਰਤੀਆਂ ਨਾਲ ਹੋ ਰਹੇ ਵਿਕਤਰੇ ਖ਼ਿਲਾਫ਼ ਆਵਾਜ਼ ਉਠਾਈ। ਉਨ੍ਹਾਂ ਦੀ ਦਲੀਲ ਸੀ ਕਿ ਬਰਤਾਨਵੀ ਪਰਜਾ, ਬਰਤਾਨਵੀ ਪਰਜਾ ਹੈ। ਭਾਵੇਂ ਉਹ ਭਾਰਤ ਵਿੱਚ ਰਹਿੰਦੀ ਹੈ ਜਾਂ ਕੈਨੇਡਾ ਵਿੱਚ ਅਤੇ ਉਸ ਨਾਲ ਇਕੋ ਜਿਹਾ ਸਲੂਕ ਹੋਣਾ ਚਾਹੀਦਾ ਹੈ ਅਤੇ ਬਰਤਾਨਵੀ ਸਾਮਰਾਜ ਵਿੱਚ ਬਸਤੀਵਾਦੀ ਨਾਗਰਿਕ ਜਿੱਥੇ ਮਰਜ਼ੀ ਜਾ ਕੇ ਰਹਿ ਸਕਦਾ ਹੈ।

'ਨਿਰੰਤਰ ਸਫ਼ਰ ਦੀ ਨੇਮਬੰਦੀ' ਨੂੰ ਵੰਗਾਰਦਿਆਂ ਬਾਬਾ ਗੁਰਦਿੱਤ ਸਿੰਘ ਨੇ ਇਕ ਸਟੀਮਰ ਜਹਾਜ਼ ਕਿਰਾਏ 'ਤੇ ਲੈ ਕੇ ਕੈਨੇਡਾ ਜਾਣ ਦਾ ਫੈਸਲਾ ਕੀਤਾ। ਕੈਨੇਡਾ ਉਸ ਵੇਲੇ ਸਵੈ-ਸ਼ਾਸਿਤ ਬਰਤਾਨਵੀ ਬਸਤੀ ਹੋਣ ਕਰਕੇ, ਬਰਤਾਨਵੀ ਸ਼ਾਸਕ ਬਾਬਾ ਗੁਰਦਿੱਤ ਸਿੰਘ ਦੀ ਯੋਜਨਾ ਤੋਂ ਤ੍ਰਭਕ ਗਏ, ਜਿਨ੍ਹਾਂ ਬਾਰੇ ਸ਼ੰਘਾਈ ਦੇ ਇਕ ਅਖ਼ਬਾਰ ਨੇ ਲਿਖਿਆ ਸੀ ਕਿ ਇਕ ਸਫੈਦ ਦਾੜ੍ਹੀ ਤੇ ਨਿਰਛਲ

## ਪਸ਼ਚਾਤਾਪ ਦੇ ਵੱਖ ਵੱਖ ਪੱਖ

- 1951 ਵਿੱਚ ਪੱਛਮੀ ਬੰਗਾਲ ਸਰਕਾਰ ਦੇ ਕਤਲੇਆਮ ਦੀ ਯਾਦ ਵਿੱਚ ਕਲਕੱਤਾ 'ਚ ਬਜਬਜ ਵਿਖੇ ਯਾਦਗਾਰ ਉਸਾਰੀ।
- 23 ਜੁਲਾਈ 1989 ਨੂੰ ਕਾਮਾਗਾਟਾ ਮਾਰੂ ਜਹਾਜ਼ ਦੀ ਰਵਾਨਗੀ ਦੀ 75ਵੀਂ ਵਰ੍ਹੇਗੰਢ ਮੌਕੇ ਵੈਨਕੂਵਰ ਦੇ ਇਕ ਗੁਰਦੁਆਰੇ ਵਿੱਚ ਯਾਦਗਾਰੀ ਸਮਾਰੋਹ ਕੀਤਾ ਗਿਆ।
- 23 ਮਈ 2008 ਨੂੰ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਨੇ 1914 ਵਿੱਚ ਕਾਮਾਗਾਟਾ ਮਾਰੂ ਕਾਂਡ ਬਾਰੇ ਇਕ ਮੁਆਫ਼ੀ ਮਤਾ ਪਾਸ ਕੀਤਾ।
- 3 ਅਗਸਤ 2008 ਨੂੰ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਸਰੀ (ਬ੍ਰਿਟਿਸ਼ ਕੋਲੰਬੀਆ) ਵਿਖੇ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਕੈਨੇਡਾ ਸਰਕਾਰ ਦੀ ਤਰਫ਼ੋਂ ਕਾਮਾਗਾਟਾ ਮਾਰੂ ਕਾਂਡ ਬਾਰੇ ਮੁਆਫ਼ੀ ਮੰਗੀ।
- 1 ਮਈ 2014 ਨੂੰ ਕੈਨੇਡਾ ਡਾਕ ਵਿਭਾਗ ਵੱਲੋਂ ਜਹਾਜ਼ ਦੀ ਆਮਦ ਦੀ 100ਵੀਂ ਵਰ੍ਹੇਗੰਢ ਮੌਕੇ ਇਕ ਡਾਕ ਟਿਕਟ ਜਾਰੀ ਕੀਤੀ ਗਈ।

## ਘਟਨਾਵਾਂ ਦੀ ਲੜੀ

- 4 ਅਪਰੈਲ 1914 ਨੂੰ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਕਾਮਾਗਾਟਾ ਮਾਰੂ ਹਾਂਗਕਾਂਗ ਤੋਂ 165 ਮੁਸਾਫ਼ਰ ਲੈ ਕੇ ਕੈਨੇਡਾ ਲਈ ਰਵਾਨਾ ਹੋਇਆ।
- 8 ਅਪਰੈਲ ਨੂੰ ਸ਼ੰਘਾਈ ਤੋਂ ਕਈ ਹੋਰ ਮੁਸਾਫ਼ਰ ਜਹਾਜ਼ 'ਤੇ ਸਵਾਰ ਹੋ ਗਏ।
- 3 ਮਈ ਨੂੰ 376 ਮੁਸਾਫ਼ਰਾਂ ਸਮੇਤ ਜਹਾਜ਼ ਯੋਕੋਹਾਮਾ ਤੋਂ ਰਵਾਨਾ ਹੋਇਆ।
- 23 ਮਈ ਨੂੰ ਜਹਾਜ਼ ਵੈਨਕੂਵਰ ਨੇੜੇ ਬਰੀਡ ਘਾਟ 'ਤੇ ਪੁੱਜਿਆ ਪਰ ਇਸ ਨੂੰ ਬੰਦਰਗਾਹ 'ਤੇ ਲੱਗਣ ਦੀ ਆਗਿਆ ਨਾ ਦਿੱਤੀ ਗਈ।
- 6 ਜੁਲਾਈ ਨੂੰ ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਕੋਰਟ ਨੇ ਆਵਾਸ ਅਤੇ ਬਸਤੀਕਰਨ ਵਿਭਾਗ ਦੇ ਫੈਸਲੇ ਨੂੰ ਸਹੀ ਕਰਾਰ ਦੇ ਦਿੱਤਾ। ਭੜਕੇ ਹੋਏ ਮੁਸਾਫ਼ਰਾਂ ਨੇ ਕਪਤਾਨ ਨੂੰ ਫਾਰਗ ਕਰ ਦਿੱਤਾ ਅਤੇ ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਬੰਦਰਗਾਹ ਤੋਂ ਪਿਛਾਂਹ ਭੇਜਣ ਦਾ ਹੁਕਮ ਦੇ ਦਿੱਤਾ।
- 19 ਜੁਲਾਈ ਨੂੰ ਭੜਕੇ ਮੁਸਾਫ਼ਰਾਂ ਨੇ ਹਮਲਾ ਕਰ ਦਿੱਤਾ ਅਤੇ ਕੈਨੇਡੀਅਨ ਸਰਕਾਰ ਨੇ ਫ਼ੌਜ ਸੱਦ ਲਈ।
- 23 ਜੁਲਾਈ ਨੂੰ 20 ਮੁਸਾਫ਼ਰਾਂ ਨੂੰ ਦਾਖ਼ਲੇ ਦੀ ਆਗਿਆ ਦੇ ਦਿੱਤੀ ਗਈ ਪਰ ਬਾਕੀਆਂ ਨੂੰ ਜਹਾਜ਼ ਸਮੇਤ ਵਾਪਸ ਭੇਜਣ ਦਾ ਹੁਕਮ ਦਿੱਤਾ।
- 27 ਸਤੰਬਰ ਨੂੰ ਕਾਮਾਗਾਟਾ ਮਾਰੂ ਕਲਕੱਤੇ ਪੁੱਜਿਆ। ਮੁਸਾਫ਼ਰਾਂ 'ਤੇ ਪਹਿਰਾ ਲਗਾ ਦਿੱਤਾ ਗਿਆ। ਬਜਬਜ ਘਾਟ 'ਤੇ ਦੰਗਾ ਭੜਕ ਪਿਆ। ਜਹਾਜ਼ ਦਾ ਮੋਹਰੀ ਬਾਬਾ ਗੁਰਦਿੱਤ ਸਿੰਘ ਬਚ ਨਿਕਲਿਆ।
- 1922 ਨੂੰ ਬਾਬਾ ਗੁਰਦਿੱਤ ਸਿੰਘ ਨੇ ਮਹਾਤਮਾ ਗਾਂਧੀ ਦੀ ਅਪੀਲ 'ਤੇ ਅੰਗਰੇਜ਼ਾਂ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਅਤੇ ਉਨ੍ਹਾਂ ਨੂੰ ਪੰਜ ਸਾਲਾਂ ਦੀ ਕੈਦ ਦੀ ਸਜ਼ਾ ਹੋਈ।

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991

ਅੱਖਾਂ ਵਾਲਾ ਇਕ ਬਜ਼ੁਰਗ ਆਪਣੇ ਲੋਕਾਂ ਨੂੰ ਇਸ ਆਸ ਨਾਲ ਕੈਨੇਡਾ ਲੈ ਕੇ ਜਾ ਰਿਹਾ ਹੈ ਕਿ ਉੱਥੇ ਉਨ੍ਹਾਂ ਲਈ ਮੌਕਿਆਂ ਦੇ ਦੁਆਰ ਖੁੱਲ੍ਹ ਜਾਣਗੇ।

ਬਾਬਾ ਗੁਰਦਿੱਤ ਸਿੰਘ ਵੱਲੋਂ ਹਾਂਗਕਾਂਗ ਵਿੱਚ ਗਦਰ ਲਹਿਰ ਦੀ ਹਮਾਇਤ ਕਰਨ ਕਰਕੇ ਅੰਗਰੇਜ਼ ਸ਼ਾਸਕ ਹੋਰ ਵੀ ਚੁਕੰਨੇ ਹੋ ਗਏ ਕਿ ਕਿਤੇ ਉਹ ਪਹਿਲੀ ਸੰਸਾਰ ਜੰਗ ਦੇ ਮੌਕੇ ਬਗਾਵਤ ਨਾ ਫੈਲਾ ਦੇਣ। ਦਿਲਚਸਪ ਗੱਲ ਇਹ ਹੈ ਕਿ ਜਹਾਜ਼ ਦੇ ਮੁਸਾਫਰਾਂ ਵਿੱਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ ਪਰ ਉਸ ਵੇਲੇ ਦੀਆਂ ਬਰਤਾਨਵੀ ਅਖਬਾਰਾਂ ਨੇ ਉਨ੍ਹਾਂ ਸਾਰਿਆਂ ਨੂੰ ਹਿੰਦੂ ਹੀ ਲਿਖਿਆ। ਜਦੋਂ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਦਾਖ਼ਲ ਹੋਣ ਤੋਂ ਮਨਾਂ ਕਰ ਦਿੱਤਾ ਤਾਂ ਜੁਲਾਈ 1914 ਵਿੱਚ ਮੁਸਾਫਰ ਭੜਕ ਗਏ ਅਤੇ ਕੈਨੇਡਾ ਸਰਕਾਰ ਨੇ ਫੌਜ ਤਾਇਨਾਤ ਕਰ ਦਿੱਤੀ। 23 ਜੁਲਾਈ ਨੂੰ ਸਿਰਫ 20 ਮੁਸਾਫਰਾਂ ਨੂੰ ਦਾਖਲੇ ਦੀ ਇਜਾਜ਼ਤ ਦੇ ਦਿੱਤੀ ਗਈ ਅਤੇ ਬਾਕੀਆਂ ਨੂੰ ਜਬਰੀ ਵਾਪਸ ਭੇਜ ਦਿੱਤਾ ਗਿਆ। ਜਦੋਂ ਸਤੰਬਰ 1914 ਨੂੰ ਜਹਾਜ਼ ਕਲਕੱਤੇ ਪੁੱਜਿਆ ਤਾਂ ਮੁਸਾਫਰਾਂ ਦੁਆਲੇ ਪਹਿਰਾ ਲਗਾ ਦਿੱਤਾ ਗਿਆ। ਬਜਬਜਟ ਘਾਟ 'ਤੇ ਪੁਲੀਸ ਅਤੇ ਮੁਸਾਫਰਾਂ ਵਿਚਕਰ ਝੜਪ ਹੋ ਗਈ ਅਤੇ ਗੋਲੀਬਾਰੀ ਵਿੱਚ 19 ਮੁਸਾਫਰ ਸ਼ਹੀਦ ਹੋ ਗਏ। (ਦੇਖੋ ਘਟਨਾਵਾਂ ਦੀ ਲੜੀ)

ਪਿਛਲੇ ਸਾਲ ਬਜਬਜ ਰੇਲਵੇ ਸਟੇਸ਼ਨ ਦਾ ਪੱਛਮੀ ਬੰਗਾਲ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਬਜਬਜ ਰੇਲਵੇ ਸਟੇਸ਼ਨ ਵਜੋਂ ਮੁੜ ਨਾਮਕਰਨ ਕੀਤਾ ਗਿਆ। ਕਾਮਾਗਾਟਾ ਮਾਰੂ ਕਾਂਡ ਤੋਂ ਬਾਅਦ ਆਉਣ ਵਾਲੇ ਦਹਾਕਿਆਂ ਵਿੱਚ ਇਹ ਰੁਝਾਨ ਬਣ ਗਿਆ ਅਤੇ ਵਿਕਾਸਸ਼ੀਲ ਦੇਸ਼ਾਂ ਤੋਂ ਕੈਨੇਡਾ ਜਾਣ ਵਾਲੇ ਲੋਕਾਂ ਦੀ ਸੰਖਿਆ ਵਧਣੀ ਸ਼ੁਰੂ ਹੋ ਗਈ। ਕੈਨੇਡਾ ਵਿੱਚ ਜਾ ਕੇ ਵਸੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਵਿੱਚੋਂ ਬਹੁਤਿਆਂ ਨੇ 1960ਵਿਆਂ ਅਤੇ 1970ਵਿਆਂ ਵਿੱਚ ਪਰਵਾਸ ਕੀਤਾ ਸੀ ਜਦੋਂ ਕੈਨੇਡਾ ਦੇ ਆਵਾਸ ਨੇਮਾਂ ਵਿੱਚ ਢਿੱਲ ਦਿੱਤੀ ਗਈ ਸੀ। 1985 ਵਿੱਚ ਜਦੋਂ ਏਅਰ ਇੰਡੀਆ ਦੀ ਉਡਾਣ (ਮਾਂਟਰੀਅਲ-ਲੰਡਨ-ਦਿੱਲੀ-ਬੰਬਈ) ਨੂੰ ਉਡਾ ਦਿੱਤਾ ਗਿਆ ਸੀ, ਦੇ ਵਰ੍ਹੇ ਨੂੰ ਛੱਡ ਕੇ ਪੰਜਾਬੀਆਂ ਨੂੰ ਕੈਨੇਡਾ ਦੇ ਸਮਾਜੀ ਤਾਣੇ-ਬਾਣੇ ਦਾ ਅਹਿਮ ਹਿੱਸਾ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ।

ਬਹੁਤ ਸਾਰੇ ਪੰਜਾਬੀਆਂ ਨੇ ਸਿਆਸੀ ਅਤੇ ਹੋਰਨਾਂ ਖੇਤਰਾਂ ਵਿੱਚ ਨਾਮਣਾ ਖੱਟਿਆ ਹੈ। ਜਦੋਂ 2000 ਵਿੱਚ ਉੱਜਲ ਦੁਸਾਂਝ ਪਹਿਲੇ ਭਾਰਤੀ ਦੇ ਤੌਰ 'ਤੇ ਕੈਨੇਡਾ ਦੇ ਕਿਸੇ ਸੂਬੇ ਦੇ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਇਸ ਦਾ ਸਿਹਰਾ ਕਾਮਾਗਾਟਾ ਮਾਰੂ ਕਾਂਡ ਦੇ ਸ਼ਹੀਦਾਂ ਨੂੰ ਦਿੱਤਾ ਸੀ ਜਿਨ੍ਹਾਂ ਸੁਤੰਤਰਤਾ ਅਤੇ ਲੋਕਤੰਤਰ ਦੀ ਅਲਖ ਜਗਾਈ ਸੀ। ਕੈਨੇਡਾ ਵਿੱਚ ਸੂਬਾਈ ਅਤੇ ਕੌਮੀ ਪੱਧਰ 'ਤੇ ਪੰਜਾਬੀ ਮੂਲ ਦੇ ਸਿਆਸਤਦਾਨਾਂ ਕਾਮਾਗਾਟਾ ਮਾਰੂ ਕਾਂਡ ਦੇ ਸ਼ਹੀਦਾਂ ਦਾ ਹਮੇਸ਼ਾ ਹਵਾਲਾ ਦਿੰਦੇ ਰਹੇ ਹਨ।

ਬਿਨਾਂ ਸ਼ੱਕ ਪੰਜਾਬ ਤੋਂ ਗਏ ਬਹੁਤ ਸਾਰੇ ਪੰਜਾਬੀਆਂ ਲਈ ਕੈਨੇਡਾ ਦੇ ਬਹੁਭਾਂਤੇ ਸਮਾਜ ਵਿੱਚ ਰਚਣ-ਮਿਚਣ ਅਤੇ ਨਾਲ ਹੀ ਆਪਣੀਆਂ ਰਵਾਇਤਾਂ ਤੇ ਵਿਰਸੇ ਦੀ ਰਾਖੀ ਕਰਨ ਦੀਆਂ ਚੁਣੌਤੀਆਂ ਹਨ।

ਕਾਮਾਗਾਟਾ ਮਾਰੂ ਕਾਂਡ ਨੇ ਬਹੁਤ ਸਾਰੇ ਇਤਿਹਾਸਕਾਰਾਂ, ਲੇਖਕਾਂ ਅਤੇ ਫਿਲਮਸਾਜ਼ਾਂ ਦਾ ਧਿਆਨ ਖਿੱਚਿਆ। 38 ਸਾਲ ਪਹਿਲਾਂ ਇਸ ਕਾਂਡ ਬਾਰੇ ਸ਼ੈਰੋਨ ਪੋਲਕ ਨੇ ਪਹਿਲੀ ਵਾਰ ਇਕ ਨਾਟਕ 'ਕਾਮਾਗਾਟਾ ਮਾਰੂ ਇਨਸੀਡੈਂਟ' ਲਿਖਿਆ ਸੀ ਜਿਸ ਤੋਂ ਬਾਅਦ ਅਜਮੇਰ ਰੋਡੇ, ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ ਨੇ ਇਸ ਘਟਨਾ 'ਤੇ ਨਾਟਕ ਲਿਖੇ।

2004 ਵਿੱਚ ਅਲੀ ਕਾਜ਼ਿਮੀ ਨੇ ਪੁਰਸਕਾਰ ਜੇਤੂ ਆਪਣੀ ਦਸਤਾਵੇਜ਼ੀ ਫੀਚਰ ਫਿਲਮ 'ਕੰਟੀਨਿਊਸ ਜਰਨੀ' ਇਸ ਘਟਨਾ ਦੇ ਡੂੰਘੇ ਬਿਰਤਾਂਤ ਅਤੇ ਕੁਝ ਦੁਰਲੱਭ ਫੁਟੇਜ ਦੀ ਪੇਸ਼ਕਾਰੀ ਕੀਤੀ ਸੀ। ਸੀਬੀਐਸ ਨੇ ਭਾਰਤੀ-ਕੈਨੇਡੀਅਨ ਪਟਕਥਾ ਲੇਖਕ ਸੁਗੀਤ ਵਰਗੀਜ਼ ਦਾ ਲਿਖਿਆ ਰੇਡੀਓ 'ਐਂਟਰੀ ਡਿਨਾਈਡ' ਪੇਸ਼ ਕੀਤਾ ਸੀ।

ਉੱਘੀ ਫਿਲਮਸਾਜ਼ ਦੀਪਾ ਮਹਿਤਾ ਨੇ 2006 ਵਿੱਚ ਇਸ ਘਟਨਾ ਬਾਰੇ ਫਿਲਮ ਬਣਾਉਣ ਦਾ ਵਾਅਦਾ ਕੀਤਾ ਸੀ ਜੋ ਅਜੇ ਤੱਕ ਪੂਰਾ ਨਹੀਂ ਹੋਇਆ। 2012 ਵਿੱਚ ਫਿਲਮਸਾਜ਼ ਅਲੀ ਕਾਜ਼ਿਮੀ ਨੇ ਆਪਣੀ ਕਿਤਾਬ 'ਅਨਡਿਜ਼ਾਇਰੇਬਲਜ਼: ਵਾਈਟ ਕੈਨੇਡਾ ਐਂਡ ਦਿ ਕਾਮਾਗਾਟਾ ਮਾਰੂ' ਪ੍ਰਕਾਸ਼ਤ ਕੀਤੀ ਸੀ। 2012 ਵਿੱਚ ਹੀ ਸਾਇਮਨ ਫਰੇਜ਼ਰ ਯੂਨੀਵਰਸਿਟੀ ਲਾਇਬ੍ਰੇਰੀ ਨੇ ਇਕ ਵੈੱਬਸਾਈਟ 'ਰਠ ਠ ਸ਼ੁਰੂ ਕਰਨ ਦਾ ਫੈਸਲਾ ਕੀਤਾ ਸੀ। ਕੈਨੇਡਾ ਦੇ ਨਾਗਰਿਕਤਾ ਅਤੇ ਆਵਾਸ ਵਿਭਾਗ ਦੀ ਮਦਦ ਨਾਲ ਸਥਾਪਤ ਕੀਤੀ ਗਈ ਇਸ ਵੈੱਬਸਾਈਟ 'ਤੇ ਨਾ ਕੇਵਲ ਇਸ ਇਤਿਹਾਸਕ ਘਟਨਾ ਬਾਰੇ ਜਾਣਕਾਰੀ ਮਿਲਦੀ ਹੈ ਸਗੋਂ ਸਕੂਲੀ, ਉੱਤਰ ਸੈਕੰਡਰੀ ਅਧਿਆਪਨ ਤੇ ਖੋਜ ਅਤੇ ਆਮ ਪਾਠਕਾਂ ਲਈ ਜਾਣਕਾਰੀ ਮਿਲਦੀ ਹੈ। ਇਹ ਕੈਨੇਡਾ ਜਿਹੇ ਮੁਲਕ ਵਿੱਚ ਭਾਈਚਾਰੇ ਵੱਲੋਂ ਮਾਨਤਾ ਲੈਣ ਲਈ ਲੜੇ ਗਏ ਸੰਘਰਸ਼ ਦਾ ਪ੍ਰਤੀਕ ਹੋ ਨਿੱਬੜੀ ਹੈ ਜੋ ਇਸ ਵੇਲੇ ਦੁਨੀਆਂ ਭਰ ਵਿੱਚ ਪਰਵਾਸੀਆਂ ਦੇ ਮੁਲਕ ਵਜੋਂ ਜਾਣਿਆ ਜਾਂਦਾ ਹੈ।

# ਪੰਜਾਬ ਦੀ ਇਸ ਸਥਿਤੀ ਵੱਲ ਵੀ ਦੇਖੋ ਕਿ ਅਸੀਂ ਕਿਥੇ ਖੜ੍ਹੇ ਹਾਂ ?

ਜ਼ਿਲ੍ਹੇ ਦੀ ਸਬ ਡਿਵੀਜ਼ਨ ਮੂਨਕ ਅਧੀਨ ਪੈਂਦੇ ਪਿੰਡ ਬਾਉਪੁਰ ਵਿੱਚ ਸ਼ਾਮਲਾਤ ਦੀ ਜ਼ਮੀਨ ਦੀ ਬੋਲੀ ਨੂੰ ਲੈ ਕੇ ਦਲਿਤ ਭਾਈਚਾਰੇ ਦੇ ਲੋਕਾਂ ਦੇ ਕਥਿਤ ਤੌਰ 'ਤੇ ਕੀਤੇ ਗਏ ਸਮਾਜਿਕ ਬਾਈਕਾਟ ਦਾ ਮਾਮਲਾ ਬੀਤੀ ਰਾਤ ਉਸ ਸਮੇਂ ਗਰਮਾ ਗਿਆ ਜਦੋਂ ਗੁਰੂ ਰਵਿਦਾਸ ਮੰਦਰ ਦੇ ਪੁਜਾਰੀ ਦੀ ਕੁਝ ਵਿਅਕਤੀਆਂ ਨੇ ਕੁੱਟਮਾਰ ਕੀਤੀ। ਇਸ ਕਾਰਨ ਪਿੰਡ ਵਿੱਚ ਸਥਿਤੀ ਤਣਾਅਪੂਰਨ ਬਣ ਗਈ। ਘਟਨਾ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵੀ ਹਰਕਤ ਵਿੱਚ ਆ ਗਿਆ ਹੈ। ਪਿੰਡ ਦੇ ਮਾਹੌਲ ਨੂੰ ਮੁੱਖ ਰੱਖਦਿਆਂ ਪਿੰਡ ਵਿੱਚ ਪੁਲੀਸ ਤਾਇਨਾਤ ਕਰ ਦਿੱਤੀ ਗਈ ਹੈ ਅਤੇ ਸਿਵਲ ਤੇ ਪੁਲੀਸ ਅਧਿਕਾਰੀਆਂ ਵੱਲੋਂ ਖ਼ੁਦ ਪਿੰਡ ਵਿੱਚ ਹਾਜ਼ਰ ਰਹਿ ਕੇ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ।

ਦਲਿਤ ਭਾਈਚਾਰੇ ਨਾਲ ਸਬੰਧਤ ਪੰਚ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਉਚ ਜਾਤੀ ਦੇ ਕੁਝ ਵਿਅਕਤੀਆਂ ਨੇ ਦਲਿਤ ਭਾਈਚਾਰੇ ਦਾ ਸਮਾਜਿਕ ਬਾਈਕਾਟ ਕੀਤਾ ਹੈ। ਬੀਤੀ ਰਾਤ ਕਰੀਬ ਅੱਠ ਵਜੇ ਗੁਰੂ ਰਵਿਦਾਸ ਮੰਦਰ ਦਾ ਪੁਜਾਰੀ ਮਹੀਪਾਲ ਦਾਸ ਜਦੋਂ ਪੰਚਾਇਤੀ ਜ਼ਮੀਨ ਵਿੱਚ ਪਖਾਨੇ ਲਈ ਗਿਆ ਤਾਂ ਪਿੰਡ ਦੇ ਉਚ ਜਾਤੀ ਦੇ ਕੁਝ ਲੋਕਾਂ ਨੇ ਪੁਜਾਰੀ ਦੀ ਕੁੱਟਮਾਰ ਕੀਤੀ, ਕੱਪੜੇ ਪਾੜ ਦਿੱਤੇ ਅਤੇ ਜਾਤੀ ਸੂਚਕ ਸ਼ਬਦ ਬੋਲ ਕੇ ਬੇਇੱਜ਼ਤ ਕੀਤਾ। ਉਨ੍ਹਾਂ ਦੱਸਿਆ ਕਿ ਪੁਜਾਰੀ ਨੇ ਮੰਦਰ ਵਿੱਚ ਵੜ ਕੇ ਆਪਣੀ ਜਾਨ ਬਚਾਈ। ਹਮਲਾਵਰ ਪੁਜਾਰੀ ਦਾ ਪਿੱਛਾ ਕਰਦੇ ਹੋਏ 'ਦਰ 'ਚ ਆ ਵੜੇ ਅਤੇ ਭੰਨਤੋੜ ਦੀ ਕੋਸ਼ਿਸ਼ ਵੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਘਟਨਾ ਤੋਂ ਬਾਅਦ ਵੀ ਰਾਤ ਨੂੰ ਗੱਡੀਆਂ ਅਤੇ ਮੋਟਰਸਾਈਕਲਾਂ 'ਤੇ ਅਣਪਛਾਤੇ ਲੋਕ ਲਲਕਾਰੇ ਮਾਰਦੇ ਰਹੇ, ਜਿਸ ਕਾਰਨ ਦਲਿਤ ਭਾਈਚਾਰੇ ਦੇ ਲੋਕਾਂ 'ਚ ਡਰ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਉਹ ਸਾਰੀ ਰਾਤ ਜਾਗਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦਿਆਂ ਹੀ ਰਾਤ ਨੂੰ ਖਨੌਰੀ ਥਾਣੇ ਦੀ ਪੁਲੀਸ ਪਿੰਡ ਪੁੱਜ ਗਈ ਸੀ ਅਤੇ ਸਾਰੀ ਰਾਤ ਪੁਲੀਸ ਨੇ ਪਹਿਰੇਦਾਰੀ ਕੀਤੀ ਹੈ।

ਆਦਿ ਧਰਮ ਸਮਾਜ ਦੇ ਪ੍ਰਧਾਨ ਰਾਜਪਾਲ ਨੇ ਕਿਹਾ ਹੈ ਕਿ ਦਲਿਤਾਂ ਦਾ ਸਮਾਜਿਕ ਬਾਈਕਾਟ ਅਜੇ ਵੀ ਜਾਰੀ ਹੈ ਅਤੇ ਰਾਤ ਵਾਪਰੀ ਘਟਨਾ ਸਮਾਜਿਕ ਬਾਈਕਾਟ ਦਾ ਹੀ ਹਿੱਸਾ ਹੈ, ਜਿਸ ਕਰਕੇ ਲੋਕ ਡਰੇ ਹੋਏ ਹਨ। ਪਿੰਡ ਦੇ ਮਾਹੌਲ ਨੂੰ ਮੁੱਖ ਰੱਖਦਿਆਂ ਅੱਜ ਦਿਨ ਚੜ੍ਹਦਿਆਂ ਹੀ ਸਬ ਡਿਵੀਜ਼ਨ ਮੂਨਕ ਦੇ ਐਸ.ਡੀ.ਐਮ.




ਬਖਤਾਵਰ ਸਿੰਘ, ਡੀ.ਐਸ.ਪੀ. ਬਿਮਲ ਕੁਮਾਰ, ਤਹਿਸੀਲਦਾਰ ਅਤੇ ਬੀਡੀਪੀਓ ਸਮੇਤ ਹੋਰ ਅਧਿਕਾਰੀ ਪਿੰਡ ਬਾਉਪਰ ਪੁੱਜ ਗਏ। ਉਨ੍ਹਾਂ ਨੇ ਸਮੁੱਚੇ ਹਾਲਾਤ ਦਾ ਜਾਇਜ਼ਾ ਲਿਆ। ਪਿੰਡ ਵਿੱਚ ਸਵੇਰੇ ਹੋਰ ਪੁਲੀਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ।

ਇਸ ਸਬੰਧੀ ਐਸ.ਡੀ.ਐਮ. ਮੂਨਕ ਬਖਤਾਖਰ ਸਿੰਘ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਰਾਤ ਨੂੰ ਘਟਨਾ ਤੋਂ ਬਾਅਦ ਸਥਿਤੀ ਤਣਾਅਪੂਰਨ ਜ਼ਰੂਰ ਬਣੀ ਸੀ ਪਰ ਹੁਣ ਹਾਲਾਤ ਆਮ ਵਾਂਗ ਹਨ। ਪਿੰਡ ਵਿੱਚ ਪੁਲੀਸ ਤਾਇਨਾਤ ਕਰ ਦਿੱਤੀ ਗਈ ਹੈ ਤਾਂ ਜੋ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਦੇ ਲੋਕਾਂ ਦੀ ਮੰਗ ਹੈ ਕਿ ਐਸ.ਸੀ. ਕੋਟੇ ਦੀ ਪੰਚਾਇਤੀ ਸ਼ਾਮਲਾਤ ਜ਼ਮੀਨ ਦੀ ਬੋਲੀ ਐਸ.ਸੀ. ਵਿਅਕਤੀ ਦੇ ਨਾਮ 'ਤੇ ਅਤੇ ਘੱਟ ਰੇਟ 'ਤੇ ਹੋਣੀ ਚਾਹੀਦੀ ਹੈ, ਜਿਸ ਸਬੰਧ ਪੰਜਾਬ ਸਰਕਾਰ ਨੂੰ ਲਿਖ ਕੇ ਭੇਜ ਦਿੱਤਾ ਗਿਆ ਹੈ।

ਡੀ.ਐਸ.ਪੀ. ਮੂਨਕ ਬਿਮਲ ਕੁਮਾਰ ਅਤੇ ਐਸ.ਐਚ.ਓ. ਖਨੌਰੀ ਵਿਜੇ ਕੁਮਾਰ ਨੇ ਦੱਸਿਆ ਕਿ ਪੁਜਾਰੀ ਦੀ ਕੁੱਟਮਾਰ ਦੇ ਦੋਸ਼ ਹੇਠ ਦੋ ਜਣਿਆਂ ਬੀਰਾ ਸਿੰਘ, ਹੁਸ਼ਿਆਰਾ ਸਿੰਘ ਤੇ ਕੁਝ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਐਸ.ਸੀ. ਐਕਟ, 323,295ਏ, 506 ਆਈਪੀਸੀ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਪਰ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਪੁਲੀਸ ਤਾਇਨਾਤ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਪਰ ਸਵਾਲ ਇਸ ਰਾਹੀਂ ਖੜ੍ਹੇ ਹੋ ਰਹੇ ਹਨ ਜੋ ਜਵਾਬ ਮੰਗਦੇ ਹਨ।

# ਸ਼ਰਧਾਂਜਲੀ ਸਮੇਂ ਸਾਥੀ ਸੁਖਵੰਤ ਦੀ ਵਿਚਾਰਧਾਰਾ ਨੂੰ ਜਿੰਦਾ ਰੱਖਣ ਦਾ ਪ੍ਰਣ ਲਿਆ



ਲੁਧਿਆਣਾ : ਇਨਕਲਾਬੀ ਅਤੇ ਤਰਕਸ਼ੀਲ ਸਫ਼ਾਂ ਦੇ ਸੰਗੀ ਸਾਥੀ ਸੁਖਵੰਤ ਦੀ 15 ਅਪ੍ਰੈਲ ਨੂੰ ਹੋਈ ਬੇਵਕਤੀ ਮੌਤ ਤੇ ਅੱਜ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਸਰਧਾਂਜਲੀ ਸਮਾਗਮ ਕੀਤਾ ਗਿਆ। ਹਨੂੰਮਾਨ ਜੰਜ ਘਰ ਜਵਾਹਰ ਨਗਰ ਲੁਧਿਆਣਾ ਵਿੱਚ ਹੋਏ ਇਸ ਸਮਾਗਮ ਵਿੱਚ ਸਾਥੀ ਸੁਖਵੰਤ ਦੇ ਰਿਸ਼ਤੇਦਾਰਾਂ, ਪ੍ਰੀਵਾਰਕ ਮੈਂਬਰਾਂ ਅਤੇ ਵੱਖ-ਵੱਖ ਇਨਕਲਾਬੀ, ਜਮਹੂਰੀ, ਤਰਕਸ਼ੀਲ ਜੱਥੇਬੰਦੀਆਂ ਦੇ ਕਾਰਕੁਨਾਂ ਨੇ ਸ਼ਿਰਕਤ ਕੀਤੀ । ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਜਨਰਲ ਸਕੱਤਰ ਕੰਵਲਜੀਤ ਖੰਨਾ, ਮਹਾਂ ਸਭਾ ਲੁਧਿਆਣਾ ਦੇ ਪ੍ਰਧਾਨ ਕਰਨਲ (ਰਿਟਾ.) ਜੇ.ਐਸ. ਬਰਾੜ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਵਿਜੇ ਨਰਾਇਣ, ਸਾਥੀ ਸੁਖਵੰਤ ਦੇ ਦਾਮਾਦ ਸੁਖਵਿੰਦਰ ਸਿੰਘ ਅਤੇ ਮੈਗਜ਼ੀਨ ”ਜਨ ਆਵਾਜ਼” ਦੇ ਸੰਪਾਦਕ ਕਾ. ਸੁਰਿੰਦਰ ਦੀ ਪ੍ਰਧਾਨਗੀ ਅਤੇ ਜਸਵੰਤ ਜੀਰਖ ਦੀ ਮੰਚ ਸੰਚਾਲਨਾ ਹੇਠ ਚੱਲੇ ਇਸ ਸਰਧਾਂਜਲੀ ਸਮਾਗਮ ਦੌਰਾਨ ਉਪਰੋਕਤ ਬੁਲਾਰਿਆਂ ਵੱਲੋਂ ਸਾਥੀ ਸੁਖਵੰਤ ਦੀ ਜ਼ਿੰਦਗੀ ਨਾਲ ਸਬੰਧਤ ਘਟਨਾਵਾਂ ਦਾ ਵੇਰਵਾ ਦਿੰਦਿਆਂ ਸਾਥੀ ਦੇ ਵਿਚਾਰਾਂ ਤੇ ਪਹਿਰਾ ਦੇਣ ਦਾ ਪ੍ਰਣ ਲਿਆ । ਬੁਲਾਰਿਆਂ ਨੇ ਸਪੱਸ਼ਟ ਕੀਤਾ ਕਿ ਸਾਡੇ ਸਮਾਜ ਵਿਚ ਪ੍ਰਚੱਲਤ ਰੂੜੀਵਾਦੀ ਕਦਰਾਂ ਕੀਮਤਾਂ ਅਤੇ ਮੌਜੂਦਾ ਗਲਤ ਰਾਜ ਪ੍ਰਬੰਧ ਸਾਥੀ ਸੁਖਵੰਤ ਦੀ ਮੌਤ ਦਾ ਕਾਰਨ ਬਣੇ ਹਨ ਜਿਨ੍ਹਾਂ ਖਿਲਾਫ਼ ਡਟਕੇ ਖੜ੍ਹਨ ਅਤੇ ਲੜਨ ਦੀ ਲੋੜ ਹੈ । ਉਹਨਾਂ ਕਿਹਾ ਕਿ ਸਾਥੀ ਸੁਖਵੰਤ ਦੀ ਮੌਤ ਦਾ ਕਾਰਨ ਬਣੀ ਕੈਂਸਰ ਦੀ ਨਾ ਮੁਰਾਦ ਬੀਮਾਰੀ ਦੀ ਇਸ ਗਲਤ ਪ੍ਰਬੰਧ ਵਿੱਚ ਵੱਧ ਰਹੇ ਵਾਤਾਵਰਣ ਪ੍ਰਦੂਸ਼ਣ ਅਤੇ ਖੁਰਾਕੀ ਵਸਤਾਂ ਵਿੱਚ ਜ਼ਹਿਰੀਲੇ ਪਦਾਰਥਾਂ ਦੇ ਸ਼ਾਮਲ ਹੋਣ ਦੀ ਦੇਣ ਹੈ । ਇਸ ਪ੍ਰਬੰਧ ਨੂੰ ਬਦਲਣ ਲਈ ਚੱਲ ਰਹੇ ਵੱਧ-ਵੱਖ ਸੰਘਰਸ਼ਾਂ ਵਿੱਚ ਆਮ ਲੋਕਾਂ ਦੀ ਸਮੂਲੀਅਤ ਕਰਵਾਉਣ ਅਤੇ ਉਸਾਰੂ ਕਦਰਾਂ ਕੀਮਤਾਂ ਦੀ ਬਹਾਲੀ ਨਾਲ ਹੀ ਇਸ ਵਿੱਚ ਇਨਕਲਾਬੀ ਤਬਦੀਲੀਆਂ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਲਈ ਸਾਥੀ ਸੁਖਵੰਤ ਸਮਰਪਤ ਰਿਹਾ । ਪ੍ਰੋਗਰੈਸਿਵ ਕਲਚਰ ਐਸੋਸੀਏਸ਼ਨ ਕੈਲਗਿਰੀ (ਕੈਨੇਡਾ), ਸ਼ਹੀਦ ਭਗਤ ਸਿੰਘ ਵਿਚਾਰ ਮੰਚ, ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਮਹਾਂਸਭਾ ਲੁਧਿਆਣਾ ਅਤੇ ਪੰਜਾਬੀ ਟ੍ਰਿਬਿਊਨ ਦੇ ਦਲਜੀਤ ਅੰਮੀ ਵੱਲੋਂ ਸਾਥੀ ਸੁਖਵੰਤ ਦੀ ਮੌਤ ਤੇ ਡੂੰਘਾ ਇਜਹਾਰ ਕਰਦਿਆਂ ਆਪਣੇ ਸ਼ੋਕ ਸੰਦੇਸ਼ ਭੇਜੇ ਗਏ। ਅੰਤ ਵਿੱਚ ਜਸਵੰਤ ਜੀਰਖ ਵੱਲੋਂ ਆਏ ਲੋਕਾਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਅਪੀਲ ਕੀਤੀ ਕਿ ਸਾਥੀ ਸੁਖਵੰਤ ਦੀ ਸੋਚ ਨੂੰ ਜ਼ਿੰਦਾ ਰੱਖਣ ਅਤੇ ਉਸ ਸੋਚ ਨੂੰ ਨਿਰੰਤਰ ਜਾਰੀ ਰੱਖਣਾ ਅਤੇ ਉਸ ਤੇ ਪਹਿਰਾ ਦੇਣਾ ਹੀ ਸਾਥੀ ਸੁਖਵੰਤ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਜਸਦੇਵ ਲਲਤੋਂ ਨੇ ਵੀ ਸੰਬੋਧਨ ਕੀਤਾ।

# ਪੰਜਾਬ ਦੀ ਰਾਜਨੀਤੀ 'ਚ ਇਕ ਨਵਾਂ ਵਰਤਾਰਾ

**ਅਸੀਂ ਪੰਜਾਬ ਦੀ ਰਾਜਨੀਤੀ ਦੇ ਸਮੁੱਚੇ ਪਹਿਲੂਆਂ ਨੂੰ ਇਕ ਵੱਡੀ ਲਿਖਤ ਦੇ ਰੂਪ ਵਿਚ ਅਗਾਂਹ ਰੱਖਾਂਗੇ ਪ੍ਰੰਤੂ ਆਮ ਆਦਮੀ ਪਾਰਟੀ ਦੇ ਇਸ ਵਰਤਾਰੇ ਨੇ ਜਿਸ ਕਿਸਮ ਨਾਲ ਪੰਜਾਬ ਨੂੰ ਪ੍ਰਭਾਵਿਤ ਕੀਤਾ ਹੈ ਉਸ ਤੋਂ ਕੋਈ ਵੀ ਸੂਝਵਾਨ ਵਿਅਕਤੀ ਤੋਂ ਲੈ ਕੇ ਅਗਾਂਹਵਧੂ ਰਾਜਨੀਤੀ ਨਾਲ ਜੁੜਿਆ ਹਿੱਸਾ ਅਣਭਿੱਜ ਨਹੀਂ ਰਹਿ ਸਕਦਾ। ਇਸ ਵੱਡੇ ਸਵਾਲ ਨੂੰ ਖੱਬੇਪੱਖੀ ਦ੍ਰਿਸ਼ਟੀਕੋਣ ਤੋਂ ਅਜੇ ਸੰਬੋਧਤ ਹੋਣ ਦੀ ਲੋੜ ਹੈ।**

ਇਸ ਵਾਰ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਉਂਝ ਤਾਂ ਪੂਰੇ ਦੇਸ਼ ਨੂੰ ਹੀ ਤਬਦੀਲੀ ਦੇ ਵਹਿਣ ਵਿਚ ਰੋੜ੍ਹਿਆ ਹੈ ਪਰ ਜੇਕਰ ਸਿਆਸੀ ਬੇਚੈਨੀ ਨੂੰ ਮਾਪਣਾ ਹੋਵੇ ਤਾਂ ਇਨ੍ਹਾਂ ਨਤੀਜਿਆਂ ਨੇ ਸਭ ਤੋਂ ਵੱਧ ਉਥਲ-ਪੁਥਲ ਪੰਜਾਬ ਅੰਦਰ ਮਚਾਈ ਹੈ। ਪੰਜਾਬ ਇਕੋ ਇਕ ਅਜਿਹਾ ਸੂਬਾ ਹੈ, ਜਿੱਥੇ ਇਨ੍ਹਾਂ ਚੋਣਾਂ ਤੋਂ ਖੁਸ਼ ਅਤੇ ਨਿਰਾਸ਼ ਹੋਣ ਵਾਲੇ ਚਿਹਰੇ ਪੂਰੇ ਮੁਲਕ ਤੋਂ ਵੱਖਰੇ ਹਨ। ਪੂਰੇ ਮੁਲਕ ਵਿਚ ਜਿੱਥੇ ਭਾਜਪਾ ਆਗੂਆਂ ਦੇ ਚਿਹਰੇ ਹੱਸ ਰਹੇ ਹਨ ਅਤੇ ਕਾਂਗਰਸੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂਆਂ ਦੇ ਮੂੰਹ ਲਟਕੇ ਹੋਏ ਹਨ, ਉਥੇ ਪੰਜਾਬ ਵਿਚ ਸਥਿਤੀ ਬਿਲਕੁੱਲ ਉਲਟ ਹੈ। ਇੱਥੇ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸੀਆਂ ਦੇ ਮੂੰਹ ਲਟਕੇ ਹੋਏ ਹਨ ਜਦਕਿ ਆਪ ਪਾਰਟੀ ਦੇ ਉਮੀਦਵਾਰ ਅਤੇ ਵਰਕਰ ਭੰਗੜੇ ਪਾ ਰਹੇ ਹਨ। ਇਸ ਦੀ ਵਜ੍ਹਾ ਹੈ ਕਿ ਇੱਥੇ 13 ਲੋਕ ਸਭਾ ਸੀਟਾਂ ਵਿਚੋਂ ਚਾਰ ਸੀਟਾਂ ਜਿੱਤਣ ਵਾਲੀ ਪਾਰਟੀ ਆਪ ਦੀ ਹੀ ਜਿੱਤ ਹੋਈ ਹੈ। ਦੂਜੇ ਪਾਸੇ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਨੂੰ ਇੰਨੀਆਂ ਕੁ ਸੀਟਾਂ ਮਿਲੀਆਂ ਹਨ, ਜਿਹਨਾਂ ਨੇ ਉਹਨਾਂ ਦੀ ਉਲਟਾ ਚਿੰਤਾ ਵਧਾ ਦਿੱਤੀ ਹੈ। ਮਿਸਾਲ ਵਜੋਂ ਅਕਾਲੀ-ਭਾਜਪਾ ਗਠਜੋੜ ਆਪਣੀਆਂ ਸਭ ਤੋਂ ਵੱਕਾਰੀ ਦੋ ਸੀਟਾਂ ਵਿਚੋਂ ਪਹਿਲੀ ਅੰਮ੍ਰਿਤਸਰ ਵਾਲੀ ਤਾਂ ਹਾਰ ਹੀ ਗਿਆ ਅਤੇ ਦੂਜੀ ਬਠਿੰਡੇ ਵਾਲੀ ਇੰਨੀਆਂ ਘੱਟ ਵੋਟਾਂ ਨਾਲ ਜਿੱਤਿਆ ਹੈ ਕਿ ਉਸ ਨੂੰ ਮੀਡੀਆ ਵੱਲੋਂ ਨਮੋਸ਼ੀ ਭਰੀ ਜਿੱਤ ਕਿਹਾ ਜਾ ਰਿਹਾ ਹੈ। ਕਾਂਗਰਸ ਨੇ ਬੇਸ਼ੱਕ ਅੰਮ੍ਰਿਤਸਰ ਦੀ ਵੱਕਾਰੀ ਸੀਟ ਜਿੱਤ ਲਈ, ਪਰ ਇਸ ਦੀਆਂ ਕਈ ਤੋਪਾਂ ਇਨ੍ਹਾਂ ਚੋਣਾਂ ਵਿਚ 'ਠੁੱਸ' ਹੋ ਗਈਆਂ ਹਨ। ਖਾਸ ਕਰਕੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਕੁਮਾਰ ਜਾਖੜ ਅਤੇ ਸਾਬਕਾ ਕੇਂਦਰੀ ਮੰਤਰੀ ਸ਼੍ਰੀਮਤੀ ਅੰਬਿਕਾ ਸੋਨੀ ਅਤੇ ਮਹਾਰਾਣੀ ਪਰਨੀਤ ਕੌਰ ਦੀ ਹਾਰ ਨੇ ਕੈਪਟਨ ਅਮਰਿੰਦਰ ਸਿੰਘ ਦੁਆਰਾ ਅੰਮ੍ਰਿਤਸਰ ਦੀ ਵੱਕਾਰੀ ਸੀਟ ਜਿੱਤਣ ਦੀ ਖੁਸ਼ੀ ਨੂੰ ਫਿੱਕੀ ਕਰ ਦਿੱਤਾ ਹੈ। ਇਸ ਤੋਂ ਇਲਾਵਾਂ ਕਾਂਗਰਸ ਪਾਰਟੀ ਦੀਆਂ ਸੀਟਾਂ ਦੀ ਗਿਣਤੀ ਵੀ 8 ਤੋਂ ਘਟ ਕੇ 3 ਰਹਿ ਗਈ ਹੈ।

ਇਸ ਦੇ ਮੁਕਾਬਲੇ 'ਆਪ' ਇਸ ਲਈ ਚੜ੍ਹਦੀ ਕਲਾ ਵਿਚ ਹੈ, ਕਿਉਂਕਿ ਇਸ ਪਾਰਟੀ ਦੇ 4 ਉਮੀਦਵਾਰ ਜੇਤੂ ਹੀ ਨਹੀਂ ਰਹੇ ਸਗੋਂ ਬਾਕੀ ਉਮੀਦਵਾਰਾਂ ਨੇ ਵੀ ਚੰਗੀਆਂ ਵੋਟਾਂ ਪ੍ਰਾਪਤ ਕੀਤੀਆਂ ਹਨ। ਇਹ ਚੋਣ ਨਤੀਜੇ ਸੂਬੇ ਦੀ ਰਾਜਸੀ ਫ਼ਿਜ਼ਾ ਨੂੰ ਬਦਲਣ ਵਿੱਚ ਪੂਰੀ ਤਰ੍ਹਾਂ ਸਹਾਈ ਹੁੰਦੇ ਦਿਖਾਈ ਦੇ ਰਹੇ ਹਨ। 'ਆਪ' ਦੇ ਉਭਾਰ ਅਤੇ ਸਥਾਪਤ ਪਾਰਟੀਆਂ ਨੂੰ ਲੱਗੇ ਝਟਕਿਆਂ ਤੋਂ ਸਪੱਸ਼ਟ ਹੈ ਕਿ ਸੂਬੇ ਦੇ ਲੋਕ ਤਬਦੀਲੀ ਚਾਹੁੰਦੇ ਹਨ। ਜਲਦੀ ਹੀ ਤਿੰਨ ਸੀਟਾਂ ਤੇ ਜ਼ਿਮਨੀ ਚੋਣ ਹੋਣ ਵਾਲੀ ਹੈ, ਜਿਸ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਪੂਰੇ ਉਤਸ਼ਾਹ ਵਿਚ ਹਨ। ਦੂਜੇ ਪਾਸੇ ਹੁਕਮਰਾਨ ਧਿਰ ਅਕਾਲੀ ਭਾਜਪਾ ਗਠਜੋੜ ਅਤੇ ਕਾਂਗਰਸ ਦੋਵੇਂ ਹੀ ਪੰਜਾਬ ਦੇ ਲੋਕਾਂ ਦੁਆਰਾ ਆਪ ਨੂੰ ਦਿੱਤੇ ਸਮਰਥਨ ਤੋਂ ਦਹਿਲੀਆਂ ਹੋਈਆਂ ਹਨ। ਉਨ੍ਹਾਂ ਨੂੰ ਇਹ ਖੌਫ ਖਾ ਰਿਹਾ ਹੈ ਕਿ ਜੇਕਰ ਲੋਕਾਂ ਦਾ ਆਪ ਪ੍ਰਤੀ ਮੋਹ ਇਸੇ ਤਰ੍ਹਾਂ ਬਣਿਆ ਰਿਹਾ ਤਾਂ ਜ਼ਿਮਨੀ ਚੋਣਾਂ ਵਿਚ ਵੀ ਇਹ ਪਾਰਟੀ ਉਹਨਾਂ ਲਈ ਵੱਡੀ ਚੁਣੌਤੀ ਬਣੇਗੀ।

### ਵੱਡੀਆਂ ਤੋਪਾਂ ਨਹੀਂ ਚੱਲੀਆਂ

ਦੇਸ਼ ਵਿਚ ਬਣੀ ਮੋਦੀ ਲਹਿਰ ਦਾ ਮੁਕਾਬਲਾ ਕਰਨ ਲਈ ਇਸ ਵਾਰ ਕਾਂਗਰਸ ਨੇ ਆਪਣੇ ਸਾਰੇ ਸੀਨੀਅਰ ਆਗੂਆਂ ਨੂੰ ਚੋਣ ਮੈਦਾਨ ਵਿਚ ਉਤਾਰ ਦਿੱਤਾ ਸੀ ਤਾਂ ਕਿ ਵੱਧ ਤੋਂ ਵੱਧ ਸੀਟਾਂ ਜਿੱਤੀਆਂ ਜਾ ਸਕਣ। ਪਰ ਪੰਜਾਬ ਵਿਚ ਕਾਂਗਰਸ ਦੀ ਇਹ ਰਣਨੀਤੀ ਵੀ ਬਹੁਤੀ ਕਾਮਯਾਬ ਨਹੀਂ ਹੋਈ। ਕੈਪਟਨ ਅਮਰਿੰਦਰ ਸਿੰਘ ਨੂੰ ਛੱਡ ਕੇ ਕੋਈ ਵੀ ਹੋਰ ਵੱਡਾ ਲੀਡਰ ਆਪਣੀ ਸੀਟ ਨਹੀਂ ਬਚਾ ਸਕਿਆ। ਇਸ ਤਰ੍ਹਾਂ ਕਾਂਗਰਸ ਦੀਆਂ ਸਾਰੀਆਂ ਹੀ ਤੋਪਾਂ ਠੁੱਸ ਹੋ ਗਈਆਂ। ਇਸ ਤੋਂ ਇਲਾਵਾਂ ਅਕਾਲੀ ਦਲ ਸਮੇਤ ਦੂਜੀਆਂ ਪਾਰਟੀਆਂ ਦੇ ਕਈ ਵੱਡੇ ਆਗੂ ਵੀ ਇਸ ਵਾਰ ਮੂੰਹ ਦੇ ਬਲ ਜਾ ਡਿੱਗੇ ਹਨ। ਪੰਜਾਬ ਦੀਆਂ ਜਿਹੜੀਆਂ ਵੱਡੀਆਂ ਸਿਆਸੀ ਤੋਪਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ, ਉਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ (ਸੰਗਰੂਰ), ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ (ਪਟਿਆਲਾ), ਸਾਬਕਾ ਕੇਂਦਰੀ ਮੰਤਰੀ ਅੰਬਿਕਾ ਸੋਨੀ (ਆਨੰਦਪੁਰ ਸਾਹਿਬ), ਕਾਂਗਰਸ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ (ਗੁਰਦਾਸਪੁਰ), ਸਾਬਕਾ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇਪੀ (ਹੁਸ਼ਿਆਰਪੁਰ), ਵਿਰੋਧੀ ਧਿਰ ਦੇ ਨੇਤਾ ਸੁਨੀਲ ਕੁਮਾਰ ਜਾਖੜ (ਫਿਰੋਜ਼ਪੁਰ), ਵਿਜੈਇੰਦਰ ਸਿੰਗਲਾ (ਸੰਗਰੂਰ), ਸੀਨੀਅਰ ਵਕੀਲ ਐਚਐਸ ਫੂਲਕਾ (ਲੁਧਿਆਣਾ), ਪੀਪੀਪੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ (ਬਠਿੰਡਾ) ਅਤੇ ਸੁੱਚਾ ਸਿੰਘ ਛੋਟੇਪੁਰ (ਗੁਰਦਾਸਪੁਰ) ਸ਼ਾਮਲ ਹਨ। ਵਿਜੇ ਇੰਦਰ ਸਿੰਗਲਾ ਅਤੇ ਹੋਰਨਾਂ ਕਈਆਂ ਦੀਆਂ ਤਾਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ ਹਨ। ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਲੋਕ ਸਭਾ ਹਲਕੇ ਵਿਚਲੇ ਸਾਰੇ ਵਿਧਾਨ ਸਭਾ ਹਲਕਿਆਂ ਤੋਂ ਹਾਰ ਗਏ।

### ਬਾਜਵਾ ਅਤੇ ਜਾਖੜ ਦੇ ਅਹੁਦੇ ਖਤਰੇ 'ਚ ਪਏ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਅੰਮ੍ਰਿਤਸਰ ਹਲਕੇ ਤੋਂ ਭਾਜਪਾ ਦੇ ਕੌਮੀ ਆਗੂ ਅਰੁਣ ਜੇਤਲੀ ਨੂੰ ਇਕ ਲੱਖ ਤੋਂ ਵੱਧ ਵੋਟਾਂ ਨਾਲ ਚਿੱਤ ਕਰਨ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਗੁਰਦਾਸਪੁਰ ਸੀਟ ਤੋਂ ਭਾਜਪਾ ਦੇ ਉਮੀਦਵਾਰ ਵਿਨੋਦ ਖੰਨਾ ਹੱਥੋਂ ਇਕ ਲੱਖ ਤੋਂ ਵੱਧ ਵੋਟਾਂ ਨਾਲ ਹੋਈ ਨਮੋਸ਼ੀ ਭਰੀ ਹਾਰ ਕਾਰਨ ਪੰਜਾਬ ਕਾਂਗਰਸ ਲੀਡਰਸ਼ਿਪ ਵਿੱਚ ਫੇਰਬਦਲ ਹੋਣ ਦੀ ਸੰਭਾਵਨਾ ਬਣ ਗਈ ਹੈ। ਕਾਂਗਰਸ ਦੀ ਸਮੁੱਚੇ ਰਾਜ ਵਿੱਚ ਹੀ ਮਾੜੀ ਕਾਰਗੁਜ਼ਾਰੀ ਕਾਰਨ ਸ੍ਰੀ ਬਾਜਵਾ ਦੀ ਪ੍ਰਧਾਨਗੀ ਵੀ ਦਾਅ 'ਤੇ ਲੱਗ ਗਈ ਹੈ। ਇਸੇ ਤਰ੍ਹਾਂ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਦੀ ਹਾਰ ਵੀ ਇਸ ਆਗੂ ਨੂੰ ਭਾਰੀ ਪੈ ਸਕਦੀ ਹੈ ਕਿਉਂਕਿ ਹਾਈਕਮਾਨ ਨੇ ਸ੍ਰੀ ਜਾਖੜ ਨੂੰ ਵੀ ਚੁਣੌਤੀ ਵਜੋਂ ਹੀ ਫਿਰੋਜ਼ਪੁਰ ਹਲਕੇ ਤੋਂ ਮੈਦਾਨ 'ਚ ਉਤਾਰਿਆ ਸੀ। ਸੂਤਰਾਂ ਅਨੁਸਾਰ ਕੈਪਟਨ



ਅਮਰਿੰਦਰ ਸਿੰਘ ਖੇਮੇ ਨੇ ਬਾਕਾਇਦਾ ਤੌਰ ਤੇ ਬਾਜਵੇ ਨੂੰ ਪ੍ਰਧਾਨਗੀ ਤੋਂ ਉਤਾਰਨ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਮਾਮਲਾ ਪਾਰਟੀ ਹਾਈਕਮਾਨ ਕੋਲ ਪੁੱਜ ਗਿਆ ਹੈ ਅਤੇ ਸ੍ਰੀ ਬਾਜਵਾ ਖੇਮੇ ਵੱਲੋਂ ਵੀ ਕੈਪਟਨ ਧੜੇ ਨੂੰ ਠੋਕਵਾਂ ਜਵਾਬ ਦੇਣ ਦੀ ਰਣਨੀਤੀ ਘੜੀ ਜਾ ਰਹੀ ਹੈ।

ਆਉਂਦੇ ਦਿਨਾਂ 'ਚ ਪੰਜਾਬ ਕਾਂਗਰਸ ਦੀ ਅੰਦਰੂਨੀ ਜੰਗ ਹੋਰ ਤੇਜ਼ ਹੋ ਸਕਦੀ ਹੈ। ਸੂਤਰਾਂ ਅਨੁਸਾਰ ਸ੍ਰੀ ਬਾਜਵਾ ਅਤੇ ਹਾਰੇ ਹੋਏ ਉਮੀਦਵਾਰਾਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਖਾਸ ਕਰਕੇ ਕੈਪਟਨ ਖੇਮੇ ਦੇ ਵਿਧਾਇਕਾਂ ਦੀ ਮਾੜੀ ਕਾਰਗੁਜ਼ਾਰੀ ਦੇ ਅੰਕੜੇ ਤਿਆਰ ਕੀਤੇ ਜਾ ਰਹੇ ਹਨ।

### ਅਸਤੀਫਿਆਂ ਦੀ ਰਾਜਨੀਤੀ

ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਅਣਕਿਆਸੇ ਨਤੀਜਿਆਂ ਕਾਰਨ ਕਾਂਗਰਸੀ ਅਤੇ ਭਾਜਪਾ ਆਗੂਆਂ ਵਿਚ ਅਸਤੀਫੇ ਦੇਣ ਦੀ ਰਾਜਨੀਤੀ ਸ਼ੁਰੂ ਹੋ ਗਈ ਹੈ। ਦੂਜੇ ਪਾਸੇ ਅਕਾਲੀ ਦਲ ਦੇ ਕਿਸੇ ਵੀ ਆਗੂ ਵੱਲੋਂ ਇਸ ਤਰ੍ਹਾਂ ਦੀ ਰਾਜਨੀਤੀ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ। ਇਸ ਸਿਲਸਿਲੇ ਵਿਚ ਪਹਿਲਕਦਮੀਂ ਕਰਦਿਆਂ ਭਾਜਪਾ ਉਮੀਦਵਾਰ ਅਰੁਣ ਜੇਤਲੀ ਦੀ ਅੰਮ੍ਰਿਤਸਰ ਤੋਂ ਹੋਈ ਨਮੋਸ਼ੀ ਭਰੀ ਹਾਰ ਦੀ ਜ਼ਿੰਮੇਵਾਰੀ ਕਬੂਲਦਿਆਂ ਭਾਜਪਾ ਆਗੂ ਤੇ ਮੰਤਰੀ ਅਨਿਲ ਜੋਸ਼ੀ ਨੇ ਸ਼ੁੱਕਰਵਾਰ ਨੂੰ ਕੈਬਨਿਟ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਅਸਤੀਫ਼ਾ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੂੰ ਭੇਜਦੇ ਹੋਏ ਕਿਹਾ ਕਿ, 'ਚੋਣਾਂ ਵਿੱਚ ਹੋਈ ਹਾਰ ਲਈ ਨੈਤਿਕ ਜ਼ਿੰਮੇਵਾਰੀ ਕਬੂਲ ਕਰਦਿਆਂ ਮੈਂ ਕੈਬਨਿਟ ਦੇ ਅਹੁਦੇ ਤੋਂ ਅਸਤੀਫ਼ਾ ਦਿੰਦਾ ਹਾਂ।

ਇਸੇ ਲੀਹ ਤੇ ਚੱਲਦਿਆਂ ਐਤਵਾਰ ਨੂੰ ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਚੋਣਾਂ ਦੌਰਾਨ ਪੰਜਾਬ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਦੀ ਜ਼ਿੰਮੇਵਾਰੀ ਲੈਂਦਿਆਂ ਉਨ੍ਹਾਂ ਅਸਤੀਫ਼ਾ ਦਿੱਤਾ ਹੈ। ਸ੍ਰੀ ਖਹਿਰਾ ਨੇ ਅਸਤੀਫ਼ਾ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਭੇਜ ਦਿੱਤਾ ਹੈ। ਅਸਤੀਫ਼ਾ ਭੇਜਦਿਆਂ ਉਨ੍ਹਾਂ ਕਿਹਾ ਹੈ ਕਿ ਰਾਹੁਲ ਗਾਂਧੀ ਨਵੇਂ ਸਿਰੇ ਤੋਂ ਪੰਜਾਬ ਇਕਾਈ ਦਾ ਪੁਨਰਗਠਨ ਕਰ ਸਕਦੇ ਹਨ।

ਇਸੇ ਤਰ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਲੋਕ ਸਭਾ ਚੋਣਾਂ ਵਿੱਚ ਹੋਈ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਂਜ ਉਨ੍ਹਾਂ ਨੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਵਜੋਂ ਅਸਤੀਫ਼ਾ ਨਹੀਂ ਦਿੱਤਾ ਹੈ।

### ਕਿੱਧਰ ਗਈ ਬਸਪਾ ?

ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਿਆਸੀ ਨਕਸ਼ੇ ਤੋਂ ਹਾਸ਼ੀਏ 'ਤੇ ਧੱਕ ਦਿੱਤੀ ਗਈ ਹੈ। ਇਸ ਪਾਰਟੀ ਦਾ ਵੋਟ ਹਿੱਸਾ 15 ਫੀਸਦੀ ਤੋਂ ਸੁੰਗੜ ਕੇ 2 ਫੀਸਦੀ ਹੋ ਗਿਆ ਹੈ। ਚੋਣ ਨਤੀਜਿਆਂ ਅਨੁਸਾਰ ਬਸਪਾ ਤੀਜੇ ਸਥਾਨ ਤੋਂ ਖਿਸਕ ਕੇ ਚੌਥੇ ਥਾਂ 'ਤੇ ਚਲੀ ਗਈ ਹੈ। ਚਾਰ ਲੋਕ ਸਭਾ ਹਲਕਿਆਂ 'ਚ ਤਾਂ ਬਸਪਾ ਨੂੰ 5ਵਾਂ ਸਥਾਨ ਮਿਲਿਆ ਹੈ ਤੇ ਦੋ ਹਲਕਿਆਂ 'ਚ ਪਾਰਟੀ ਨੂੰ 6ਵੇਂ ਸਥਾਨ 'ਤੇ ਸਬਰ ਕਰਨਾ ਪਿਆ ਹੈ। ਸੂਤਰਾਂ ਅਨੁਸਾਰ ਬਸਪਾ ਦੇ ਵੋਟ ਬੈਂਕ ਨੂੰ ਵੀ ਸਭ ਤੋਂ ਵੱਡਾ ਖੋਰਾ ਆਮ ਆਦਮੀ ਪਾਰਟੀ ਦੁਆਰਾ ਹੀ ਲਾਇਆ ਗਿਆ ਹੈ। ਇਹ ਪਾਰਟੀ ਦੋਆਬੇ ਦੀਆਂ ਦੋਵੇਂ ਰਾਖਵੀਆਂ ਸੀਟਾਂ ਜਲੰਧਰ ਤੇ ਹੁਸ਼ਿਆਰਪੁਰ 'ਤੇ ਆਪਣਾ ਪਿਛਲੀਆਂ ਚੋਣਾਂ ਵਾਲਾ ਵੋਟ ਬੈਂਕ ਵੀ ਸੰਭਾਲਣ 'ਚ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ।

ਬਸਪਾ ਦਾ ਪੰਜਾਬ ਵਿਧਾਨ ਸਭਾ 'ਚ ਪਹਿਲੀ ਵਾਰ ਦਾਖਲਾ 1992 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਹੋਇਆ ਸੀ ਜਦੋਂ ਪਾਰਟੀ ਦੇ 9 ਵਿਧਾਇਕ ਚੁਣੇ ਗਏ ਸਨ। ਸਾਲ 1997 ਦੀਆਂ ਚੋਣਾਂ ਸਮੇਂ ਬਸਪਾ ਵਿਧਾਇਕਾਂ ਦੀ ਗਿਣਤੀ ਘਟ ਕੇ ਤਿੰਨ ਰਹਿ ਗਈ ਸੀ। ਸਾਲ 2001 ਦੌਰਾਨ ਬਸਪਾ ਦੇ ਬਾਨੀ ਪ੍ਰਧਾਨ ਬਾਬੂ ਕਾਸ਼ੀ ਰਾਮ ਨੇ ਪੰਜਾਬ 'ਚ ਪੂਰਾ ਇੱਕ ਸਾਲ ਲਾ ਕੇ 117 ਵਿਧਾਨ ਸਭਾ ਹਲਕਿਆਂ ਦੇ ਤੂਫਾਨੀ ਦੌਰੇ ਕੀਤੇ ਸਨ ਪਰ ਪਾਰਟੀ 2002 ਦੀਆਂ ਵਿਧਾਨ ਸਭਾ ਚੋਣਾਂ 'ਚ ਆਪਣਾ ਇੱਕ ਵੀ ਉਮੀਦਵਾਰ ਨਹੀਂ ਸੀ ਜਿਤਾ ਸਕੀ। ਇਸੇ ਕਾਰਨ ਪਾਰਟੀ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਕੇ ਬਾਬੂ ਕਾਂਸ਼ੀ ਰਾਮ ਨੇ ਪੰਜਾਬ ਆਉਣਾ ਬੰਦ ਕਰ ਦਿੱਤਾ ਸੀ। ਸੰਨ 1997 ਤੋਂ ਬਾਅਦ ਸੰਨ 2012 ਦੀਆਂ ਵਿਧਾਨ ਸਭਾ ਚੋਣਾਂ ਤੱਕ ਬਸਪਾ ਦਾ ਕੋਈ ਵੀ ਆਗੂ ਵਿਧਾਨ ਸਭਾ ਦੀ ਸਰਦਲ ਨਹੀਂ ਟੱਪ ਸਕਿਆ। ਇਸੇ ਤਰ੍ਹਾਂ ਲੋਕ ਸਭਾ ਦੀਆਂ ਚੋਣਾਂ ਮੌਕੇ ਵੀ ਬਸਪਾ ਦੀ ਵੋਟ ਦਰ ਲਗਾਤਾਰ ਘਟਦੀ ਆ ਰਹੀ ਹੈ।

ਇਸ ਤਰ੍ਹਾਂ ਇਨ੍ਹਾਂ ਲੋਕ ਸਭਾ ਚੋਣਾਂ ਤੇ ਨਤੀਜਿਆਂ ਤੋਂ ਸਿਰਫ ਆਮ ਆਦਮੀ ਪਾਰਟੀ ਹੀ ਖੁਸ਼ ਨਜ਼ਰ ਆ ਰਹੀ ਹੈ। ਇਸ ਪਾਰਟੀ ਨੇ ਜਿੰਨੀਆਂ ਸੀਟਾਂ ਜਿੱਤੀਆਂ ਹਨ, ਉਸ ਤੋਂ ਵੱਧ ਸੀਟਾਂ ਤੇ ਆਉਣ ਵਾਲੇ ਸਮੇਂ ਲਈ ਜਿੱਤਣ ਦਾ ਦਾਅਵਾ ਜਤਾ ਕੇ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਨੀਂਦ ਉਡਾ ਦਿੱਤੀ ਹੈ। ਇਸ ਦੇ ਹੱਕ ਵਿਚ ਬਣੀ ਲੋਕ ਲਹਿਰ ਕੀ ਜ਼ਿਮਨੀ ਚੋਣਾਂ ਤਕ ਕਾਇਮ ਰਹੇਗੀ ਜਾਂ ਫਿਰ ਪੰਜਾਬ ਦੀ ਆਪ ਤੋਂ ਵੀ ਦਿੱਲੀ ਦੀ ਆਪ ਵਾਂਗ ਲੋਕ ਜਲਦੀ ਆਪਣਾ ਮੋਹਭੰਗ ਕਰ ਲੈਣਗੇ, ਇਸ ਦਾ ਖੁਲਾਸਾ ਸਤੰਬਰ-ਅਕਤੂਬਰ 'ਚ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਦੌਰਾਨ ਹੋਵੇਗਾ।

Gill Appliances & Heating Services
Residential, Commercial Service and Installation
24 Hour Service
Call: Surinder Gill
905.460.5544
***Repair and Install duct, heating, humidifier, air conditioner, water heater, dish washer, dryer, stove, fridge***

**ਅਜ਼ਾਦੀ, ਬਰਾਬਰੀ ਅਤੇ ਭਾਈਚਾਰਾ**

# ਸਰਮਾਏਦਾਰੀ ’ਚ ਵਿਅਕਤੀਗਤ ਆਜ਼ਾਦੀ ਦਾ ਸਵਾਲ



ਬੁਰਜੂਆ ਵਿਚਾਰਧਾਰਾ ਦੇ ਅਧਿਐਨ ਸਮੇਂ ਬੁਰਜੂਆਜ਼ੀ ਦੇ ਇਤਿਹਾਸ ਦੇ ਦੋ ਪੜਾਵਾਂ ਵਿਚਾਲ਼ੇ ਫਰਕ ਕਰਨਾ ਲਾਜ਼ਮੀ ਹੈ। ਪਹਿਲੇ ਪੜਾਅ ਵਿੱਚ, ਬੁਰਜੂਆਜ਼ੀ ਕਿਸਾਨੀ ਅਤੇ ਪ੍ਰੋਲੇਤਾਰੀ, ਜਿਹੜਾ ਕਿ ਅਜੇ ਜਗੀਰੂ ਦਾਬੇ ਖਿਲਾਫ ਬਚਪਨੇ ਦੇ ਦੌਰ ਵਿੱਚ ਸੀ, ਦੀ ਅਗਵਾਈ ਕਰਦੀ ਹੈ। ਦੂਜੇ ਪੜਾਅ ਵਿੱਚ, ਆਪਣੇ-ਆਪ ਨੂੰ ਹਾਕਮ ਜਮਾਤ ਵਜੋਂ ਪੱਕੇ-ਪੈਰੀਂ ਕਰ ਲੈਣ ਤੋਂ ਬਾਅਦ, ਇਹ ਮੋੜਵੇਂ ਰੂਪ ਵਿੱਚ ਪ੍ਰੋਲੇਤਾਰੀ ਦੀ ਲਗਾਤਾਰ ਵਧ ਰਹੀ ਚੁਣੌਤੀ ਦਾ ਸਾਹਮਣਾ ਕਰਦੀ ਹੈ।

ਆਪਣੇ ਸ਼ੁਰੂਆਤੀ ਦੌਰ ਵਿੱਚ, ਸਰਮਾਏਦਾਰਾ ਸਬੰਧਾਂ ਦਾ ਵਿਕਾਸ ਜਗੀਰੂ ਸਮਾਜ ਦੇ ਗਰਭ ਵਿੱਚ ਹੋਇਆ (ਏਂਗਲਜ, ਡਿਊਰਿੰਗ ਵਿਰੁੱਧ, ਸਫਾ 118; ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 27, ਸਫਾ 89)। ਇਸ ਤਰ੍ਹਾਂ ਪੈਦਾਵਰ ਦੇ ਨਵੇਂ ਢੰਗ ਅਤੇ ਸਿਆਸੀ ਤੇ ਵਿਚਾਰਧਾਰਕ ਉੱਚ-ਉਸਾਰ ਵਿਚਾਲ਼ੇ ਵਿਰੋਧਤਾਈ ਖੜੀ ਹੋ ਗਈ:

ਜੀਵਨ ਦੀਆਂ ਆਰਥਿਕ ਹਾਲਤਾਂ ਵਿੱਚ ਇਸ ਵੱਡੇ ਇਨਕਲਾਬ ਤੋਂ ਬਾਅਦ ਸਿਆਸੀ ਬਣਤਰ ਵਿੱਚ ਇਸਦੇ ਅਨੁਰੂਪ ਤੁਰੰਤ ਕੋਈ ਬਦਲਾਅ ਨਹੀਂ ਆਇਆ। ਸਮਾਜ ਵਧੇਰੇ ਤੋਂ ਵਧੇਰੇ ਬੁਰਜੂਆ ਹੁੰਦਾ ਗਿਆ, ਪਰ ਰਾਜਸੱਤ੍ਹਾ ਜਗੀਰੂ ਬਣੀ ਰਹੀ। ਵੱਡ-ਪੱਧਰੀ ਵਪਾਰ — ਭਾਵ ਕੌਮਾਂਤਰੀ ਵਪਾਰ ਅਤੇ ਇਸ ਤੋਂ ਵੀ ਵੱਧ, ਸੰਸਾਰ ਪੱਧਰੀ ਵਪਾਰ — ਲਈ ਅਜ਼ਾਦ ਜਿਣਸ ਮਾਲਕਾਂ ਦੀ ਹੋਂਦ ਜ਼ਰੂਰੀ ਹੈ, ਜਿਹਨਾਂ ਦੀ ਗਤੀਸ਼ੀਲਤਾ ਉੱਤੇ ਕੋਈ ਰੋਕ ਨਾ ਹੋਵੇ ਅਤੇ ਜਿਹਨਾਂ ਕੋਲ਼ ਵਪਾਰੀਆਂ ਦੇ ਰੂਪ ਵਿੱਚ ਬਰਾਬਰ ਹੱਕ ਹੋਣ ਤਾਂ ਕਿ ਉਹ ਆਪਣੀਆਂ ਜਿਣਸਾਂ ਦਾ ਵਟਾਂਦਰਾ ਉਹਨਾਂ ਨਿਯਮਾਂ ਦੇ ਅਧਾਰ ਉੱਤੇ ਕਰ ਸਕਣ, ਜਿਹੜੇ ਉਹਨਾਂ ਸਭਨਾਂ ਲਈ ਇੱਕੋ-ਜਿਹੇ ਹੋਣ, ਘੱਟੋ-ਘੱਟ ਹਰ ਥਾਵੇਂ ਸਥਾਨਕ ਪੱਧਰ ਉੱਤੇ ਤਾਂ ਅਜਿਹਾ ਹੋਵੇ ਹੀ। ਦਸਤਕਾਰੀ ਤੋਂ ਮੈਨੂਫੈਕਚਰ ਵੱਲ ਸੰਕ੍ਰਮਣ ਅਜ਼ਾਦ ਮਜ਼ਦੂਰਾਂ ਦੀ ਹੋਂਦ ਪਹਿਲੋਂ ਹੀ ਮਿਥ ਦਿੰਦਾ ਹੈ — ਦੋ ਅਰਥਾਂ ਵਿੱਚ ਅਜ਼ਾਦ, ਇੱਕ ਪਾਸੇ ਗਿਲਡ ਦੀਆਂ ਜ਼ੰਜੀਰਾਂ ਤੋਂ ਅਜ਼ਾਦ ਅਤੇ ਦੂਜੇ ਪਾਸੇ, ਉਹਨਾਂ ਸਾਧਨਾਂ ਤੋਂ ਅਜ਼ਾਦ ਜਿਹਨਾਂ ਰਾਹੀਂ ਉਹ ਆਪਣੀ ਕਿਰਤ-ਸ਼ਕਤੀ ਨੂੰ ਵਰਤ ਸਕਦੇ ਹੋਣ; ਆਪਣੇ ਨਿਯੋਜਕ ਕੋਲ਼ ਆਪਣੀ ਕਿਰਤ ਸ਼ਕਤੀ ਵੇਚਣ ਦਾ ਇਕਰਾਰ ਕਰਨ ਲਈ ਅਜ਼ਾਦ, ਜਿਸ ਵਿੱਚ ਉਸ ਕੋਲ਼ ਇਕਰਾਰ ਵਿੱਚ ਇੱਕ ਧਿਰ ਵਜੋਂ ਉਸਦੇ ਬਰਾਬਰ ਦੇ ਹੱਕ ਹੋਣ। ਅਖੀਰ ਵਿੱਚ, ਸਾਰੀ ਮਨੁੱਖੀ ਕਿਰਤ ਨੂੰ ਬਰਾਬਰ ਤੇ ਇੱਕੋ-ਜਿਹਾ ਸਨਮਾਨ, ਕਿਉਂਜੋ ਇਹ ਮਨੁੱਖੀ ਕਿਰਤ ਹੀ ਹੈ ਜਿਸਨੂੰ ਆਧੁਨਿਕ ਬੁਰਜੂਆ ਅਰਥਸ਼ਾਸ਼ਤਰ ਦੇ ਕਦਰ ਦੇ ਸਿਧਾਂਤ ਵਿੱਚ ਆਪਣਾ ਅਚੇਤਨ ਪਰ ਸਭ ਤੋਂ ਸਪੱਸ਼ਟ ਪ੍ਰਗਟਾਵਾ ਮਿਲ਼ਿਆ ਹੈ, ਜਿਸ ਅਨੁਸਾਰ ਕਿਸੇ ਜਿਣਸ ਦੀ ਕਦਰ ਉਸ ਵਿੱਚ ਸਮੋਏ ਸਮਾਜਿਕ ਤੌਰ ’ਤੇ ਜ਼ਰੂਰੀ ਕਿਰਤ ਸਮੇਂ ਦੇ ਅਧਾਰ ਉੱਤੇ ਤੈਅ ਹੁੰਦੀ ਹੈ। ਪ੍ਰੰਤੂ, ਜਿੱਥੇ ਕਿ ਆਰਥਕ ਸਬੰਧ ਅਜ਼ਾਦੀ ਤੇ ਬਰਾਬਰੀ ਚਾਹੁੰਦੇ ਸਨ, ਉੱਥੇ ਹੀ ਸਿਆਸੀ ਢਾਂਚਾ ਗਿਲਡ ਦੀਆਂ ਰੋਕਾਂ ਅਤੇ ਖਾਸ ਵਿਸ਼ੇਸ਼ਧਿਕਾਰਾਂ ਦੁਆਰਾ ਹਰ ਕਦਮ ਉੱਤੇ ਇਸਦੀ ਵਿਰੋਧਤਾ ਕਰ ਰਿਹਾ ਸੀ। ਸਥਾਨਕ ਵਿਸ਼ੇਸ਼ਧਿਕਾਰ, ਫਰਕਵੀਂ ਚੁੰਗੀ ਟੈਕਸ, ਸਭ ਕਿਸਮ ਦੇ ਉਚੇਚੇ ਕਨੂੰਨ ਨਾ ਸਿਰਫ ਵਿਦੇਸ਼ੀਆਂ ਜਾਂ ਬਸਤੀਆਂ ਦੇ ਲੋਕਾਂ ਨਾਲ਼ ਵਪਾਰ ਨੂੰ ਹੀ, ਸਗੋਂ ਅਕਸਰ ਹਰੇਕ ਦੇਸ਼ ਦੇ ਕੌਮੀ ਸ਼ਹਿਰੀਆਂ ਦੇ ਵੱਖ-ਵੱਖ ਤਬਕਿਆਂ ਵਿਚਾਲ਼ੇ ਵਪਾਰ ਨੂੰ ਵੀ ਪ੍ਰਭਾਵਿਤ ਕਰਦੇ ਸਨ। ਹਰ ਜਗ੍ਹਾ ਮੌਜੂਦ ਗਿਲਡਾਂ ਦੇ ਵਿਸ਼ੇਸ਼ਧਿਕਾਰ ਅਤੇ ਹਰ ਰੋਜ ਖੜ੍ਹੀਆਂ ਕੀਤੀਆਂ ਜਾਂਦੀਆਂ ਰੁਕਾਵਟਾਂ ਮੈਨੂਫੈਕਚਰਿੰਗ ਦੇ ਵਿਕਾਸ ਵਿੱਚ ਅੜਿੱਕਾ ਡਾਹ ਰਹੀਆਂ ਸਨ। (ਏਂਗਲਜ, ਡਿਊਰਿੰਗ ਵਿਰੁੱਧ, ਸਫਾ 118)

ਅਜ਼ਾਦੀ ਤੇ ਬਰਾਬਰੀ ਅਤੇ ਜਗੀਰੂ ਵਿਸ਼ੇਸ਼ ਅਧਿਕਾਰਾਂ ਦੇ ਖਾਤਮੇ ਦੀ ਮੰਗ ਨਾ ਸਿਰਫ ਖੁਦ ਬੁਰਜੂਆਜ਼ੀ ਦੇ ਹਿਤਾਂ ਦਾ ਹੀ, ਸਗੋਂ ਕਿਸਾਨੀ ਦੇ ਵਿਸ਼ਾਲ ਸਮੂਹਾਂ, ਜਿਹੜੇ ਅਜੇ ਵੀ ਜਗੀਰੂ ਦੇਣਦਾਰੀਆਂ ਦੇ ਜੂਲ਼ੇ ਥੱਲੇ ਨੱਪੇ ਹੋਏ ਸਨ, ਦੇ ਹਿਤਾਂ ਦਾ ਵੀ ਪ੍ਰਗਟਾਵਾ ਸੀ। ਉਸੇ ਸਮੇਂ ਵਿਕਸਤ ਮੁਲਕਾਂ ਦੀ ਬੁਰਜੂਆਜ਼ੀ ਦੇ ਸਾਂਝੇ ਹਿਤਾਂ ਨੂੰ ਦਰਸਾਉਂਦਾ ਇਸ ਦਾ ਇੱਕ ਕੌਮਾਂਤਰੀ ਪੱਖ ਵੀ ਸੀ:

ਜਗੀਰੂ ਬੰਧਨਾਂ ਤੋਂ ਅਜ਼ਾਦੀ ਅਤੇ ਜਗੀਰੂ ਗੈਰ-ਬਰਾਬਰੀਆਂ ਨੂੰ ਖਤਮ ਕਰਕੇ ਬਰਾਬਰ ਹੱਕਾਂ ਦੀ ਸਥਾਪਨਾ ਦੀ ਮੰਗ ਵੱਲੋਂ ਉਦੋਂ ਵਿਆਪਕ ਰੂਪ ਧਾਰ ਲੈਣਾ ਲਾਜ਼ਮੀ ਸੀ ਜਦੋਂ ਸਮਾਜ ਦੇ ਆਰਥਿਕ ਵਿਕਾਸ ਨੇ ਇਸਨੂੰ ਏਜੰਡੇ ਉੱਤੇ ਲਿਆ ਧਰਨਾ ਸੀ। ਜੇ ਇਸ ਮੰਗ ਨੂੰ ਸਨਅੱਤ ਅਤੇ ਵਪਾਰ ਦੇ ਹਿਤਾਂ ਲਈ ਉਠਾਇਆ ਜਾਣਾ ਸੀ, ਤਾਂ ਇਸ ਲਈ ਲਾਜ਼ਮੀ ਸੀ ਕਿ ਕਿਸਾਨੀ ਦੇ ਵਿਸ਼ਾਲ ਸਮੂਹਾਂ ਲਈ ਵੀ ਉਹੀ ਮੰਗ ਰੱਖੀ ਜਾਂਦੀ, ਜਿਹੜੇ ਉੱਪਰੋਂ ਥੋਪੀ ਭੌਂ-ਗੁਲਾਮੀ ਦੇ ਹਰ ਦਰਜੇ ਦੇ ਬੰਧਨ ਵਿੱਚ ਫਸੇ ਹੋਣ ਕਰਕੇ ਆਪਣੇ ਕਿਰਤ-ਸਮੇਂ ਦਾ ਵਡੇਰਾ ਹਿੱਸਾ ਬਿਨ੍ਹਾਂ ਕਿਸੇ ਅਦਾਇਗੀ ਦੇ ਆਪਣੇ ਜਗੀਰੂ-ਮਾਲਕ ਦੇ ਹਵਾਲੇ ਕਰਨ ਅਤੇ ਇਸ ਤੋਂ ਇਲਾਵਾ ਉਸਨੂੰ ਤੇ ਰਾਜਸੱਤ੍ਹਾ ਨੂੰ ਹੋਰ ਕਿੰਨੀਆਂ ਹੀ ਅਦਾਇਗੀਆਂ ਕਰਨ ਲਈ ਮਜਬੂਰ ਕੀਤੇ ਜਾਂਦੇ ਸਨ। ਉਸੇ ਸਮੇਂ ਹੀ, ਜਗੀਰੂ ਵਿਸ਼ੇਸ਼ਧਿਕਾਰਾਂ ਦੇ ਖਾਤਮੇ, ਕੁਲੀਨਸ਼ਾਹੀ ਨੂੰ ਮਿਲ਼ੀ ਹੋਈ ਟੈਕਸਾਂ ਤੋਂ ਛੋਟ ਦੇ ਖਾਤਮੇ, ਵੱਖ-ਵੱਖ ਜਗੀਰਾਂ ਨੂੰ ਮਿਲ਼ੇ ਹੋਏ ਸਿਆਸੀ ਵਿਸ਼ੇਸ਼ਧਿਕਾਰਾਂ ਦੇ ਖਾਤਮੇ ਦੀ ਮੰਗ ਕਰਨ ਤੋਂ ਬਚਣਾ ਵੀ ਅਸੰਭਵ ਸੀ। ਕਿਉਂਕਿ ਲੋਕ ਹੁਣ ਰੋਮਨ ਸਾਮਰਾਜ ਜਿਹੇ ਕਿਸੇ ਸੰਸਾਰ ਸਾਮਰਾਜ ਵਿੱਚ ਨਹੀਂ ਸਗੋਂ ਅਜ਼ਾਦ ਰਿਆਸਤਾਂ, ਜਿਹੜੀਆਂ ਇੱਕ-ਦੂਜੇ ਨਾਲ਼ ਬਰਾਬਰ ਸ਼ਰਤਾਂ ’ਤੇ ਵਰਤਦੀਆਂ ਸਨ ਅਤੇ ਜਿਹੜੀਆਂ ਲਗਭਗ ਓਨੇ ਹੀ ਬੁਰਜੂਆ ਵਿਕਾਸ ਦੇ ਪੱਧਰ ’ਤੇ ਸਨ, ਦੇ ਇੱਕ ਢਾਂਚੇ ਵਿੱਚ ਰਹਿ ਰਹੇ ਸਨ, ਇਸ ਲਈ ਕੁਝ ਸਮੇਂ ਦੀ ਹੀ ਗੱਲ ਸੀ ਕਿ ਬਰਾਬਰੀ ਲਈ ਮੰਗ ਨੇ ਵਿਅਕਤੀਗਤ ਰਿਆਸਤਾਂ ਤੋਂ ਪਾਰ ਇੱਕ ਆਮ ਖਾਸਾ ਅਖਤਿਆਰ ਕਰ ਲੈਣਾ ਹੀ ਸੀ, ਅਜ਼ਾਦੀ ਅਤੇ ਬਰਾਬਰੀ ਨੂੰ ਮਨੁੱਖੀ ਹੱਕ ਐਲਾਨਿਆ ਜਾਣਾ ਹੀ ਸੀ। (ਏਂਗਲਜ, ਡਿਊਰਿੰਗ ਵਿਰੁੱਧ, ਸਫਾ 24)

ਜਗੀਰੂ ਕੁਲੀਨਸ਼ਾਹੀ ਅਤੇ ਬੁਰਜੂਆਜ਼ੀ ਵਿਚਾਲ਼ੇ ਵਿਰੋਧਤਾਈ ਦੇ ਨਾਲ਼-ਨਾਲ਼ ਹੀ ਲੁੱਟਣ ਵਾਲ਼ਿਆਂ ਅਤੇ ਲੁੱਟੇ ਜਾਣ ਵਾਲ਼ਿਆਂ ਵਿਚਾਲ਼ੇ, ਅਮੀਰ ਵਿਹਲੜਾਂ ਤੇ ਕਿਰਤੀਆਂ ਵਿਚਾਲ਼ੇ ਇੱਕ ਆਮ ਵਿਰੋਧਤਾਈ ਵੀ ਮੌਜੂਦ ਸੀ ਅਤੇ ਬਿਲਕੁਲ ਇਹਨਾਂ ਹੀ ਹਾਲਤਾਂ ਨੇ ਬੁਰਜੂਆਜ਼ੀ ਦੇ ਨੁਮਾਇੰਦਿਆਂ ਨੂੰ ਖੁਦ ਨੂੰ ਇੱਕ ਸਮਾਜਿਕ ਜਮਾਤ ਦੇ ਨੁਮਾਇੰਦੇ ਵਜੋਂ ਨਹੀਂ, ਸਗੋਂ ਸਮੁੱਚੀ ਉਤਪੀੜਤ ਮਨੁੱਖਤਾ ਦੇ ਨੁਮਾਇੰਦੇ ਵਜੋਂ ਪੇਸ਼ ਕਰਨ ਦਾ ਇਹ ਮੌਕਾ ਦਿੱਤਾ। (ਏਂਗਲਜ, ਡਿਊਰਿੰਗ ਵਿਰੁੱਧ, ਸਫਾ 24)

ਇਸ ਤਰ੍ਹਾਂ ਸਿਆਸੀ ਘੋਲ਼ ਨੂੰ ਵਿਚਾਰਧਾਰਕ ਦਾਇਰੇ ਵਿੱਚ ਲਿਆਂਦਾ ਗਿਆ ਅਤੇ ਬੌਧਿਕ ਤੇ ਆਤਮਿਕ ਜੀਵਨ ਦੇ ਸਾਰੇ ਖੇਤਰਾਂ ਤੱਕ ਵਿਸਥਾਰ ਦਿੱਤਾ ਗਿਆ। ਸਾਰੇ ਪੱਛਮੀ ਯੂਰਪ ਵਿੱਚ, ਮੱਧਯੁਗੀ ਚਰਚ ਨੂੰ ਮਿਲ਼ੇ ਹੋਏ ਆਰਥਿਕ ਤੇ ਸਿਆਸੀ ਵਿਸ਼ੇਸ਼ਧਿਕਾਰਾਂ ਉੱਤੇ ਆਤਮਾ ਦੀ ਅਜ਼ਾਦੀ ਦੀਆਂ ਪ੍ਰਸਥਾਪਨਾਵਾਂ ਅਤੇ ਸਹਿਣਸ਼ੀਲਤਾ, ਉੱਦਮ ਤੇ ਕਿਫਾਇਤ ਦੀ ਨੈਤਿਕਤਾ ਰਾਹੀਂ ਹਮਲਾ ਵਿੱਢਿਆ ਗਿਆ। ਪੋਪ ਦੀ ਹਸਤੀ ਨੂੰ ਰੱਦ ਕੇ ਪ੍ਰੋਟੈਸਟੈਂਟਾਂ ਨੇ ਬੁਰਜੂਆਜ਼ੀ ਦੀ ਧਾਰਮਿਕ ਅਜ਼ਾਦੀ ਦਾ ਦਾਅਵਾ ਪੇਸ਼ ਕੀਤਾ। ਅੰਗਰੇਜ਼ ਇਨਕਲਾਬ ਲਈ ਘੋਲ਼ ਸ਼ੁੱਧਤਾਵਾਦ ਅਤੇ ਸਥਾਪਤ ਚਰਚ ਵਿਚਾਲ਼ੇ ਧਾਰਮਿਕ ਝਗੜੇ ਦੇ ਨਾਂ ਹੇਠ ਲੜਿਆ ਗਿਆ। ਇਸ ਤੋਂ ਬਾਅਦ, ਪ੍ਰਬੋਧਨਕਾਲ ਦੇ ਦਾਰਸ਼ਨਿਕਾਂ, ਫਰਾਂਸੀਸੀ ਇਨਕਲਾਬ ਦੇ ਪੈਗੰਬਰਾਂ ਨੇ ਜਗੀਰੂ ਵਿਚਾਰਧਾਰਾ ਦੇ ਸਾਰੇ ਮਜ਼ਬੂਤ ਕਿਲਿਆਂ, ਸਮੇਤ ਧਰਮ ਦੇ, ਉੱਤੇ ਸਿੱਧਾ ਹਮਲਾ ਬੋਲਿਆ:

ਮਹਾਨ ਮਨੁੱਖ ਜਿਹੜੇ ਆ ਰਹੇ ਇਨਕਲਾਬ ਲਈ ਮਨੁੱਖਾਂ ਦੇ ਮਨਾਂ ਨੂੰ ਸਾਫ ਕਰ ਰਹੇ ਸਨ, ਖੁਦ ਬਹੁਤ ਹੀ ਇਨਕਲਾਬੀ ਢੰਗ ਨਾਲ਼ ਵਿਚਰ ਰਹੇ ਸਨ। ਉਹਨਾਂ ਨੇ ਕਿਸੇ ਬਾਹਰੀ ਸ਼ਕਤੀ ਨੂੰ ਮੰਨਣ ਤੋਂ ਉੱਕਾ ਹੀ ਇਨਕਾਰ ਕਰ ਦਿੱਤਾ। ਧਰਮ, ਕੁਦਰਤ ਦੇ ਸੰਕਲਪ, ਸਮਾਜ, ਸਿਆਸੀ ਢਾਂਚੇ ਸਮੇਤ – ਹਰ ਚੀਜ਼ ਬੇਤਰਸ ਅਲੋਚਨਾ ਦੇ ਨਿਸ਼ਾਨੇ ਉੱਤੇ ਸੀ, ਹਰ ਚੀਜ਼ ਨੂੰ ਤਰਕ ਦੇ ਅੱਗੇ ਖੁਦ ਨੂੰ ਸਿੱਧ ਕਰਨਾ ਪੈਣਾ ਸੀ ਜਾਂ ਫਿਰ ਹੋਂਦ ਗੁਆਉਣੀ ਪੈਣੀ ਸੀ। ਤਰਕਬੁੱਧੀ ਹਰ ਚੀਜ਼ ਲਈ ਪੈਮਾਨਾ ਸੀ੩ ਸਮਾਜ ਤੇ ਸਰਕਾਰ ਦੇ ਸਾਰੇ ਪੁਰਾਣੇ ਰੂਪ, ਰਵਾਇਤ ਵਜੋਂ ਚੱਲੇ ਆ ਰਹੇ ਸਾਰੇ ਪੁਰਾਣੇ ਵਿਚਾਰ ਗੈਰ-ਤਾਰਕਿਕ ਗਰਦਾਨ ਕੇ ਕਬਾੜਖਾਨੇ ਵਿੱਚ ਵਗਾਹ ਮਾਰੇ ਗਏ। ਸੰਸਾਰ ਨੇ ਹੁਣ ਤੱਕ ਖੁਦ ਨੂੰ ਸਿਰਫ ਤੁਅੱਸਬਾਂ ਦੇ ਦਿਸ਼ਾ-ਨਿਰਦੇਸ਼ ਅਧੀਨ ਕਰ ਰੱਖਿਆ ਸੀ; ਬੀਤੇ ਦੀ ਹਰ ਚੀਜ਼ ਸਿਰਫ ਤਰਸ ਤੇ ਤ੍ਰਿਸਕਾਰ ਦੇ ਕਾਬਲ ਸੀ। ਹੁਣ ਪਹਿਲੀ ਵਾਰ ਦਿਨ ਦਾ ਉਜਾਲਾ ਪ੍ਰਗਟ ਹੋਇਆ ਸੀ; ਇਸ ਲਈ ਅੰਧ-ਸ਼ਰਧਾ, ਨਾਇਨਸਾਫੀ, ਵਿਸ਼ੇਸ਼ਧਿਕਾਰਾਂ ਅਤੇ ਦਾਬੇ ਦੀ ਥਾਂ ਸਦੀਵੀ ਸੱਚ, ਸਦੀਵੀ ਇਨਸਾਫ, ਕੁਦਰਤ ਵਿੱਚ ਵਿਦਮਾਨ ਬਰਾਬਰੀ ਅਤੇ ਮਨੁੱਖ ਦੇ ਨਾ-ਖੋਹੇ ਜਾ ਸਕਣ ਵਾਲ਼ੇ ਹੱਕਾਂ ਨੇ ਲੈ ਲੈਣੀ ਸੀ। (ਏਂਗਲਜ, ਡਿਊਰਿੰਗ ਵਿਰੁੱਧ, ਸਫਾ 23)

ਜਿੱਥੋਂ ਤੱਕ ਪੁਰਾਤਨ ਜਗੀਰੂ ਪੂਰਵ-ਧਾਰਨਾਵਾਂ ਨੂੰ ਰੱਦਣ ਅਤੇ ਸਰਮਾਏਦਾਰਾ ਪੈਦਾਵਾਰ ਦੇ ਵਿਕਾਸ ਰਾਹੀਂ ਨਵੇਂ ਦਿਸਹੱਦੇ ਖੋਲਣ ਵਿੱਚ ਬੁਰਜੂਆਜ਼ੀ ਦੀਆਂ ਬੌਧਿਕ ਪ੍ਰਾਪਤੀਆਂ ਦਾ ਸਵਾਲ ਹੈ, ਉਹ ਮਨੁੱਖੀ ਗਿਆਨ ਵਿੱਚ ਇੱਕ ਸਥਾਈ ਯੋਗਦਾਨ ਹਨ; ਪਰ ਜਿੱਥੋਂ ਤੱਕ ਉਹਨਾਂ ਦੀ ਇੱਕ ਨਿਰਪੇਖ ਵਾਜਬੀਅਤ ਦੇ ਦਾਅਵੇ ਦਾ ਸਵਾਲ ਹੈ, ਇਹ ਵੀ ਇੱਕ ਭੁਲਾਂਦਰੇ ਉੱਤੇ ਟਿਕਿਆ ਹੋਇਆ ਹੈ:

ਅੱਜ ਅਸੀਂ ਜਾਣਦੇ ਹਾਂ ਕਿ ਤਰਕ ਦਾ ਰਾਜ ਬੁਰਜੂਆਜ਼ੀ ਦੇ ਆਦਰਸ਼ੀਕ੍ਰਿਤ ਰਾਜ ਤੋਂ ਵੱਧ ਕੁਝ ਨਹੀਂ ਸੀ, ਕਿ ਸਦੀਵੀ ਇਨਸਾਫ ਬੁਰਜੂਆ ਇਨਸਾਫ ਦੇ ਰੂਪ ਵਿੱਚ ਸਾਕਾਰ ਹੋਇਆ ਸੀ, ਕਿ ਬਰਾਬਰੀ ਨੇ ਖੁਦ ਨੂੰ ਕਨੂੰਨ ਦੇ ਸਾਹਮਣੇ ਬੁਰਜੂਆ ਬਰਾਬਰੀ ਤੱਕ ਘਟਾ ਲਿਆ ਸੀ; ਬੁਰਜੂਆ ਜਾਇਦਾਦ ਨੂੰ ਮਨੁੱਖ ਦੇ ਬੁਨਿਆਦੀ ਹੱਕਾਂ ਵਿੱਚੋਂ ਇੱਕ ਐਲਾਨ ਦਿੱਤਾ ਗਿਆ ਸੀ; ਅਤੇ ਇਹ ਕਿ ਤਰਕ ਦੀ ਸੱਤ੍ਹਾ, ਰੂਸੋ ਦੇ ਸਮਾਜਿਕ ਕਰਾਰ ਨੇ ਖੁਦ ਨੂੰ ਬੁਰਜੂਆ-ਜਮਹੂਰੀ ਗਣਤੰਤਰ ਦੇ ਰੂਪ ਵਿੱਚ ਪ੍ਰਗਟ ਕੀਤਾ ਸੀ ਤੇ ਉਹ ਅਜਿਹਾ ਹੀ ਕਰ ਸਕਦਾ ਸੀ। ਅਠਾਰਵੀਂ ਸਦੀ ਦੇ ਮਹਾਨ ਵਿਚਾਰਕ ਵੀ ਆਪਣੇ ਪੁਰਖਿਆਂ ਵਾਂਗ ਆਪਣੇ ਉੱਤੇ ਲੱਦੀਆਂ ਗਈਆਂ ਆਪਣੇ ਯੁੱਗ ਦੀਆਂ ਸੀਮਾਵਾਂ ਨੂੰ ਉਲੰਘ ਨਹੀਂ ਸਕਦੇ ਸਨ। (ਏਂਗਲਜ, ਡਿਊਰਿੰਗ ਵਿਰੁੱਧ, ਸਫਾ 24)

ਸਨਅੱਤੀ ਇਨਕਲਾਬ ਦੁਆਰਾ ਮੁਕਾਬਲੇ ਦੇ ਨਵੇਂ ਸਰਮਾਏਦਾਰਾ ਪੜਾਅ ਦੇ ਸ਼ੁਰੂ ਹੋਣ ਨਾਲ਼, ਇਹ ਬੁਰਜੂਆ ਆਦਰਸ਼ ਜਮਾਤੀ ਤਾਕਤਾਂ ਦੇ ਸੰਤੁਲਨ ’ਚ ਆਏ ਬਦਲਾਅ ਦੇ ਅਨੁਰੂਪ ਚੋਰੀ-ਛਿਪੇ ਤਬਦੀਲ ਹੋ ਗਏ। ਫਰਾਂਸੀਸੀ ਇਨਕਲਾਬ ਜਿਸ ਨੇ ਇਹਨਾਂ ਆਦਰਸ਼ਾਂ ਨੂੰ ਸਾਕਾਰ ਕਰਨ ਦਾ ਨਿਸ਼ਾਨਾ ਆਪਣੇ ਸਾਹਮਣੇ ਰੱਖਿਆ ਸੀ, ਦਾ ਸਵਾਗਤ ਕਰਨ ਦੀ ਥਾਂ ਇੰਗਲੈਂਡ ਦੀ ਬੁਰਜੂਆਜ਼ੀ ਦੇ ਆਗੂਆਂ ਨੇ ਇਸ ਵਿੱਚ ਆਪਣੇ ਲਈ ਖਤਰੇ ਨੂੰ ਭਾਂਪ ਲਿਆ ਸੀ, ਜਿਹੜਾ ਓਨਾ ਜਗੀਰੂ ਵਿਸ਼ੇਸ਼ਧਿਕਾਰਾਂ ਲਈ ਨਹੀਂ ਸੀ (ਜਿਸ ਨੂੰ ਉਹ ਪਹਿਲਾਂ ਹੀ ਖਤਮ ਕਰ ਚੁੱਕੇ ਸਨ), ਜਿਨ੍ਹਾਂ ਬੁਰਜੂਆ ਜਾਇਦਾਦ ਲਈ ਸੀ। ਇਨਕਲਾਬ ਤੋਂ ਬਾਅਦ ਖੁਦ ਫਰਾਂਸ ਵਿੱਚ ਵੀ ਇਹੋ-ਜਿਹੇ ਬਦਲਾਅ ਸਾਹਮਣੇ ਆਏ। ਦੋਵਾਂ ਦੇਸ਼ਾਂ ਵਿੱਚ ਬੁਰਜੂਆ ਵਿਚਾਰਵੇਤਾਵਾਂ ਨੂੰ ਰੱਖਿਆਤਮਕ ਰੁਖ ਅਖਤਿਆਰ ਕਰਨ ਲਈ ਮਜਬੂਰ ਕਰ ਦਿੱਤਾ ਗਿਆ। ਆਰਥਿਕ ਸਿਧਾਂਤ ਦੇ ਖੇਤਰ ਵਿੱਚ ਇਹ ਬਦਲਾਅ ਖਾਸ ਤੌਰ ’ਤੇ ਉੱਘੜਵਾਂ ਸੀ:

ਫਰਾਂਸ ਅਤੇ ਇੰਗਲੈਂਡ ਵਿੱਚ ਬੁਰਜੂਆਜ਼ੀ ਸਿਆਸੀ ਸੱਤ੍ਹਾ ਜਿੱਤਣ ਵਿੱਚ ਕਾਮਯਾਬ ਹੋ ਗਈ ਸੀ। ਇਸ ਲਈ ਜਮਾਤੀ ਘੋਲ਼ ਨੇ, ਅਭਿਆਸ ਵਿੱਚ ਵੀ ਤੇ ਸਿਧਾਂਤ ਵਿੱਚ ਵੀ, ਵਧੇਰੇ ਤੋਂ ਵਧੇਰੇ ਬੇਬਾਕ ਅਤੇ ਡਰਾਉਣਾ ਰੂਪ ਧਾਰਿਆ। ਇਸਨੇ ਵਿਗਿਆਨਕ ਬੁਰਜੂਆ ਆਰਥਿਕਤਾ ਦੇ ਖੋਲ ਨੂੰ ਤੋੜ ਦਿੱਤਾ। ਇਸ ਲਈ ਹੁਣ ਸਵਾਲ ਇਹ ਨਹੀਂ ਸੀ ਰਿਹਾ ਕਿ ਇਸ ਜਾਂ ਉਸ ਸਿਧਾਂਤ ਵਿੱਚੋਂ ਕਿਹੜਾ ਸਹੀ ਹੈ, ਸਗੋਂ ਇਹ ਬਣ ਗਿਆ ਸੀ ਕਿ ਸਰਮਾਏ ਲਈ ਕਿਹੜਾ ਸਿਧਾਂਤ ਫਾਇਦੇਮੰਦ ਹੈ ਜਾਂ ਹਾਨੀਕਾਰਕ, ਮੁਨਾਸਬ ਹੈ ਜਾਂ ਗੈਰ-ਮੁਨਾਸਬ, ਸਿਆਸੀ ਤੌਰ ’ਤੇ ਖਤਰਨਾਕ ਹੈ ਜਾਂ ਨਹੀਂ। ਹਿਤਾਂ ਦੇ ਪ੍ਰਭਾਵ ਤੋਂ ਮੁਕਤ ਖੋਜਕਾਰਾਂ ਦੀ ਥਾਂ ਭਾੜੇ ਦੇ ਇਨਾਮ-ਖੋਰਾਂ ਨੂੰ ਮਿਲ਼ ਗਈ ਸੀ; ਖਰੀ ਵਿਗਿਆਨਕ ਖੋਜ ਦੀ ਥਾਂ ਟੁੱਕੜਖੋਰਾਂ ਦੀ ਦੁਸ਼ਟ ਜ਼ਮੀਰ ਅਤੇ ਭੈੜੀ ਨੀਅਤ ਨੇ ਲੈ ਲਈ ਸੀ। (ਮਾਰਕਸ, ਸਰਮਾਇਆ, ਸੈਂਚੀ 1, ਸਫਾ 15)

ਮਾਲਥਸ, ਬੇਂਥਮ ਅਤੇ ਅੰਗਰੇਜ਼ ਬੁਰਜੂਆਜ਼ੀ ਦੇ ਹੋਰਨਾਂ ਟੁੱਕੜਖੋਰਾਂ ਦੀਆਂ ਲਿਖਤਾਂ ਵਿੱਚ ਸਹਿਕਾਰਤਾ ਦੀ ਥਾਂ ਉੱਤੇ ਮੁਕਾਬਲੇ ਨੂੰ ਰੱਖ ਦਿੱਤਾ ਗਿਆ। ਅਜ਼ਾਦੀ ਅਤੇ ਬਰਾਬਰੀ ਦੇ ਆਦਰਸ਼ਾਂ ਦੀ ਵਿਆਖਿਆ ਦਾਬੇ ਤੋਂ ਅਜ਼ਾਦੀ, ਮਨੁੱਖਤਾ ਦੇ ਫਾਇਦੇ ਲਈ ਮਿਲ਼ਕੇ ਕੰਮ ਕਰਨ ਦੀ ਅਜ਼ਾਦੀ ਦੇ ਰੂਪ ਵਿੱਚ ਨਹੀਂ, ਸਗੋਂ ਨਿੱਜੀ ਹਿਤਾਂ ਦੀ ਪੂਰਤੀ ਲਈ ਦੂਜਿਆਂ ਨਾਲ਼ ਬਰਾਬਰ ਸ਼ਰਤਾਂ ਉੱਤੇ ਮੁਕਾਬਲਾ ਕਰਨ ਦੀ ਅਜ਼ਾਦੀ ਦੇ ਰੂਪ ਵਿੱਚ ਕੀਤੀ ਗਈ। ਬੁਰਜੂਆ ਜਾਇਦਾਦ ਜੋ ਉਹਨਾਂ ਦੀ ਸੱਭਿਅਤਾ ਦੀ ਬੁਨਿਆਦ ਹੈ, ਇੱਕ ਵਿਸ਼ੇਸ਼ਧਿਕਾਰ ਸੀ ਜਿਸ ਵਿੱਚੋਂ ਗਰੀਬਾਂ ਨੂੰ ਬਾਹਰ ਧੱਕ ਦਿੱਤਾ ਗਿਆ ਅਤੇ ਗਰੀਬੀ ਨੂੰ ਨਵੇਂ ਸਮਾਜ ਦੀ ਇੱਕ ਪੀੜਾ ਵਜੋਂ ਨਹੀਂ, ਸਗੋਂ ਇੱਕ ਸਥਾਈ ਜ਼ਰੂਰਤ ਵਜੋਂ ਦੇਖਿਆ ਗਿਆ।

ਮਾਲਥਸ ਅਨੁਸਾਰ, ਅਬਾਦੀ ਦੇ ਵਾਧੇ ਕਾਰਨ ਜਿਹੜਾ ਗੁਜ਼ਾਰੇ ਦੇ ਸਾਧਨਾਂ ਵਿੱਚ ਵਾਧੇ ਦੀ ਰਫਤਾਰ ਤੋਂ ਤੇਜ ਹੁੰਦਾ ਹੈ, ਗਰੀਬੀ ਲਾਜ਼ਮੀ ਹੀ ਪੈਦਾ ਹੋਵੇਗੀ। ਗਰੀਬਾਂ ਦੀਆਂ ਮੁਸ਼ਕਿਲਾਂ ਨੂੰ ਘੱਟ ਕਰਨ ਦੇ ਯਤਨ ਕੁਰਾਹੇ ਪੈਣਾ ਹੈ, ਕਿਉਂਕਿ, ਉਹਨਾਂ ਨੂੰ ਆਪਣੇ ਹਾਲ ਉੱਤੇ ਛੱਡ ਦੇਣਾ, ਜਿਉਣ ਲਈ ਉਹਨਾਂ ਦਾ ਘੋਲ਼ ਸਭ ਤੋਂ ਯੋਗ ਦੇ ਜਿਉਂਦੇ ਰਹਿਣ ਲਈ ਪ੍ਰੇਰਕ ਹੈ (ਮਾਰਕਸ, ਦਾਰਸ਼ਨਿਕ ਹੱਥਲਿਖਤਾਂ, ਸਫਾ 199-205)। ਇਹਨਾਂ ਵਿਚਾਰਾਂ ਵਿੱਚ ਅਸੀਂ ਜੀਵਾਂ ਦੀ ਉਤਪਤੀ ਦੇ ਡਾਰਵਿਨ ਦੇ ਸਿਧਾਂਤ ਦੇ ਭਰੂਣ ਰੂਪ ਨੂੰ ਪਛਾਣ ਸਕਦੇ ਹਾਂ ਅਤੇ ਜਦੋਂ ਉਸਨੇ ਇਸ ਅਧਾਰ ਉੱਤੇ ਜੀਵ-ਵਿਗਿਆਨ ਵਿੱਚ ਇਨਕਲਾਬ ਲੈ ਆਂਦਾ ਤਾਂ ਬੁਰਜੂਆ ਅਰਥਸ਼ਾਸ਼ਤਰੀਆਂ ਨੇ ਉਸ ਦੇ ਸਿਧਾਂਤਾਂ ਨੂੰ ਇਸ ਗੱਲ ਲਈ ਅੰਤਿਮ ਪ੍ਰਮਾਣ ਐਲਾਨ ਦਿੱਤਾ ਕਿ ਮਜ਼ਦੂਰਾਂ ਦੀ ਗਰੀਬੀ ਕੁਦਰਤ ਦਾ ਨਿਯਮ ਸੀ।

ਮਾਲਥਸ ਅਨੁਸਾਰ, ਮਾਲਕ ਆਪਣੇ ਮਜ਼ਦੂਰਾਂ ਨੂੰ ਜਿਹੜੀਆਂ ਉਜਰਤਾਂ ਦਿੰਦਾ ਹੈ ਉਹ ਪੂਰਤੀ ਅਤੇ ਮੰਗ ਦੇ ਨਿਯਮ ਨਾਲ ਮੇਲ਼ ਖਾਣੀਆਂ ਚਾਹੀਦੀਆਂ ਹਨ ਜੋ ਸਰਮਾਏ ਦੇ ਨਿਸਬਤ ਅਬਾਦੀ ਦੇ ਅਨੁਪਾਤ ਨੂੰ ਦਰਸਾਉਂਦਾ ਹੈ। ਇਹ ਉਸਦਾ ਫਰਜ਼ ਹੈ ਕਿ ਉਹ ਆਪਣੇ ਕਾਰੋਬਾਰ ਨੂੰ ਸਭ ਤੋਂ ਉੱਚੇ ਮੁਨਾਫੇ ਹਾਸਲ ਕਰਨ ਲਈ ਚਲਾਵੇ, ਕਿਉਂਕਿ ਇਸ ਢੰਗ ਨਾਲ਼ ਉਹ ਕੌਮ ਦੀ ਦੌਲਤ ਵਿੱਚ ਵਾਧਾ ਕਰਨ ਵਿੱਚ ਯੋਗਦਾਨ ਪਾਉਂਦਾ ਹੈ ਅਤੇ ਗਰੀਬ ਕਿਰਤੀਆਂ ਨੂੰ ਰੁਜ਼ਗਾਰ ਦਿੰਦਾ ਹੈ। ਰਾਜਸੱਤ੍ਹਾ ਦਾ ਕੰਮ ਜਾਇਦਾਦ ਦੇ ਹੱਕਾਂ ਦੀ ਰਾਖੀ ਕਰਨਾ ਹੈ ਅਤੇ ਵੱਖ-ਵੱਖ ਨਿਯੋਜਕਾਵਾਂ ਵਿਚਾਲ਼ੇ ਅਤੇ ਨਿਯੋਜਕ ਅਤੇ ਮੁਲਾਜ਼ਮਾਂ ਵਿਚਾਲ਼ੇ ਸਾਰੇ ਕਰਾਰਾਂ ਨੂੰ ਠੀਕ-ਠੀਕ ਨਿਭਾਏ ਜਾਣ ਨੂੰ ਯਕੀਨੀ ਬਣਾਉਣਾ ਹੈ। ਇਹ ਮੰਨਿਆ ਗਿਆ ਕਿ ਇਹ ਹਾਲਤ ਜਾਇਦਾਦ-ਵਿਹੂਣਿਆਂ ਲਈ ਔਖਿਆਈਆਂ ਭਰੀ ਸੀ ਅਤੇ ਰੈਡੀਕਲ ਹਲਕਿਆਂ ਵਿੱਚ ਕੁਝ ਅਜਿਹੇ ਵਿਅਕਤੀ ਸਨ ਜਿਹੜੇ ਸੋਚਦੇ ਸਨ ਕਿ ਇੱਕ ਅਜਿਹਾ ਸਮਾਂ ਆਵੇਗਾ ਜਦੋਂ ਰਾਜੇ ਦੀ ਸਾਰੀ ਪ੍ਰਜਾ ਨੂੰ ਬਰਾਬਰ ਸਿਆਸੀ ਹੱਕ ਹਾਸਲ ਹੋ ਜਾਣਗੇ। ਹੋਰ ਜਿਹੜੇ ਘੱਟ ਉਮੀਦਾਂ ਰੱਖਦੇ ਸਨ, ਐਡਮੰਡ ਬਰਕ ਨਾਲ਼ ਸਹਿਮਤ ਸਨ ਕਿ ਮਜ਼ਦੂਰਾਂ ਨੂੰ ਬਹੁਤ ਜ਼ਿਆਦਾ ਉਮੀਦਾਂ ਪਾਲਣ ਲਈ ਉਤਸ਼ਾਹਿਤ ਨਹੀਂ ਕੀਤਾ ਜਾਣਾ ਚਾਹੀਦਾ:

ਅਮਨ-ਅਮਾਨ ਦੀ ਚੰਗੀ ਵਿਵਸਥਾ ਸਾਰੀਆਂ ਚੰਗੀਆਂ ਚੀਜ਼ਾਂ ਦੀ ਬੁਨਿਆਦ ਹੈ। ਕੁਝ ਹਾਸਲ ਕਰਨ ਦੇ ਯੋਗ ਬਣਨ ਲਈ ਲੋਕਾਂ ਨੂੰ ਅਧੀਨ ਨਾ ਹੁੰਦੇ ਹੋਏ ਵੀ ਸਾਊ ਅਤੇ ਆਗਿਆਕਾਰੀ ਹੋਣਾ ਚਾਹੀਦਾ ਹੈ। ਮਜਿਸਟ੍ਰੇਟ ਦੀ ਇੱਜਤ ਹੋਣੀ ਚਾਹੀਦੀ ਹੈ ਅਤੇ ਕਨੂੰਨ ਦੀ ਅਥਾਰਟੀ ਹੋਣੀ ਚਾਹੀਦੀ ਹੈ। ਕਲਾ ਦੁਆਰਾ ਲੋਕਾਂ ਦੇ ਸਰੀਰ ਇਹੋ-ਜਿਹੇ ਨਹੀਂ ਬਣਾ ਦਿੱਤੇ ਜਾਣੇ ਚਾਹੀਦੇ ਕਿ ਕੁਦਰਤੀ ਅਧੀਨਤਾ ਦੇ ਨਿਯਮ ਹੀ ਉਹਨਾਂ ਦੇ ਦਿਮਾਗਾਂ ਵਿੱਚੋਂ ਨਿੱਕਲ਼ ਜਾਣ। ਉਹਨਾਂ ਨੂੰ ਉਸ ਵਿਅਕਤੀ ਦੀ ਜਾਇਦਾਦ ਦੀ ਇੱਜਤ ਕਰਨੀ ਚਾਹੀਦੀ ਹੈ ਜਿਸ ਕੋਲ਼ੋਂ ਉਹ ਹਿੱਸਾ ਨਹੀਂ ਵੰਡਾ ਸਕਦੇ। ਉਹਨਾਂ ਨੂੰ ਕਿਰਤ ਕਰਕੇ ਉਹ ਕੁਝ ਹਾਸਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਕੁਝ ਕਿਰਤ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ ਅਤੇ ਜਿਵੇਂ ਕਿ ਅਕਸਰ ਹੁੰਦਾ ਹੈ, ਜਦੋਂ ਉਹਨਾਂ ਨੂੰ ਪਤਾ ਲੱਗੇ ਕਿ ਉਹਨਾਂ ਦੇ ਯਤਨਾਂ ਦੇ ਅਨੁਪਾਤ ਵਿੱਚ ਉਹਨਾਂ ਦੀ ਪ੍ਰਾਪਤੀ ਥੋੜ੍ਹੀ ਹੈ ਤਾਂ ਉਹਨਾਂ ਨੂੰ ਅੰਤਿਮ ਇਨਸਾਫ ਵਿੱਚ ਉਹਨਾਂ ਦੇ ਹਿੱਸਿਆਂ ਬਾਰੇ ਪੜ੍ਹਾ ਕੇ ਧਰਵਾਸ ਦੇਣਾ ਚਾਹੀਦਾ ਹੈ। (ਐਡਮੰਡ ਬਰਕ, ਰਿਫਲੈਕਸ਼ਨਜ਼ ਆਨ ਦ ਰੈਵੋਲੂਸ਼ਨ ਇਨ ਫਰਾਂਸ, ਚੌਥਾ ਐਡੀਸ਼ਨ, ਸਫਾ 359)

ਸਨਅੱਤੀ ਸਬੰਧਾਂ ਦੇ ਸੰਸਾਰ ਨੂੰ ਵਿਕਟੋਰੀਅਨ ਬੁਰਜੂਆਜ਼ੀ ਜਿਸ ਤਰ੍ਹਾਂ ਦੇਖਦੀ ਸੀ, ਉਸਦਾ ਚਿਤਰਣ ਮਾਰਕਸ ਨੇ ਕੀਤਾ:

ਉਹ ਦਾਇਰਾ ਜਿਸ ਅੰਦਰ ਕਿਰਤ-ਸ਼ਕਤੀ ਦੀ ਖਰੀਦ-ਵੇਚ ਹੁੰਦੀ ਹੈ, ਅਸਲ ਵਿੱਚ ਮਨੁੱਖ ਦੇ ਜਨਮਸਿੱਧ ਹੱਕਾਂ ਦਾ ਅਦਨ ਦਾ ਬਾਗ ਹੀ ਹੈ। ਉੱਥੇ ਅਜ਼ਾਦੀ, ਬਰਾਬਰੀ, ਜਾਇਦਾਦ ਅਤੇ ਖੁਸ਼ੀ ਦੇ ਸਿਧਾਂਤ ਦਾ ਰਾਜ ਹੈ। ਅਜ਼ਾਦੀ, ਕਿਉਂਕਿ ਜਿਣਸ, ਜਿਵੇਂ ਕਿ ਕਿਰਤ-ਸ਼ਕਤੀ, ਦਾ ਖਰੀਦਦਾਰ ਤੇ ਵਿਕਰੇਤਾ ਦੋਵੇਂ ਹੀ ਸਿਰਫ ਆਪਣੀ ਖੁਦ ਦੀ ਅਜ਼ਾਦ-ਇੱਛਾ ਦੀ ਅਧੀਨਗੀ ਹੇਠ ਹਨ। ਉਹ ਅਜ਼ਾਦ ਹੈਸੀਅਤ ਵਿੱਚ ਇੱਕ ਦੂਜੇ ਨੂੰ ਟੱਕਰਦੇ ਹਨ ਅਤੇ ਜਿਸ ਕਰਾਰ ਉੱਤੇ ਉਹ ਪਹੁੰਚਦੇ ਹਨ ਉਹ ਉਹ ਰੂਪ ਹੈ ਜਿਸ ਵਿੱਚ ਉਹਨਾਂ ਦੀ ਸਾਂਝੀ ਇੱਛਾ ਦਾ ਕਨੂੰਨੀ ਪ੍ਰਗਟਾਵਾ ਹੁੰਦਾ ਹੈ। ਬਰਾਬਰੀ, ਕਿਉਂਕਿ ਉਹਨਾਂ ਵਿੱਚੋਂ ਹਰੇਕ ਜਿਣਸਾਂ ਦੇ ਆਮ ਮਾਲਕ ਵਜੋਂ ਇੱਕ-ਦੂਜੇ ਨੂੰ ਮਿਲਦਾ ਹੈ ਅਤੇ ਉਹ ਬਰਾਬਰ ਤੋਲ ਇੱਕ-ਦੂਜੇ ਨਾਲ਼ ਵਟਾਉਂਦੇ ਹਨ। ਜਾਇਦਾਦ, ਕਿਉਂਕਿ ਉਹਨਾਂ ਵਿੱਚੋਂ ਹਰ ਕੋਈ ਓਨਾ ਹੀ ਵੇਚ ਸਕਦਾ ਹੈ ਜਿੰਨੇ ਦਾ ਉਹ ਮਾਲਕ ਹੈ। ਖੁਸ਼ੀ ਦਾ ਸਿਧਾਂਤ, ਕਿਉਂਕਿ ਉਹਨਾਂ ਵਿੱਚੋਂ ਹਰੇਕ ਸਿਰਫ ਆਪਣਾ ਹਿਤ ਦੇਖਦਾ ਹੈ। ਇੱਕੋ-ਇੱਕ ਤਾਕਤ ਜਿਹੜੀ ਉਹਨਾਂ ਨੂੰ ਨੇੜੇ ਲਿਆਉਂਦੀ ਹੈ ਅਤੇ ਉਹਨਾਂ ਵਿਚਾਲ਼ੇ ਸਬੰਧ ਕਾਇਮ ਕਰਦੀ ਹੈ, ਖੁਦਗਰਜ਼ੀ, ਲਾਭ ਅਤੇ ਹਰੇਕ ਦੇ ਆਪਣੇ ਨਿੱਜੀ ਹਿਤ ਹਨ। ਹਰੇਕ ਸਿਰਫ ਆਪਣਾ ਦੇਖਦਾ ਹੈ ਅਤੇ ਕੋਈ ਵੀ ਕਿਸੇ ਹੋਰ ਦੀ ਪ੍ਰਵਾਹ ਨਹੀਂ ਕਰਦਾ ਅਤੇ ਕਿਉਂਕਿ ਉਹ ਦੋਵੇਂ ਅਜਿਹਾ ਕਰਦੇ ਹਨ, ਇਸ ਲਈ ਸਾਰੇ ਹੀ ਚੀਜ਼ਾਂ ਦੇ ਪੂਰਵ-ਨਿਰਧਾਰਤ ਸੰਤੁਲਨ ਦੇ ਅਨੁਸਾਰ ਏਦਾਂ ਕਰਦੇ ਹਨ, ਜਾਂ ਫਿਰ ਇੱਕ ਸਮਝਦਾਰ ਕਿਰਪਾਲੂ ਰੱਬ ਦੀ ਛਤਰਛਾਇਆ ਹੇਠ ਸਾਰੇ ਇੱਕ-ਦੂਜੇ ਦੇ ਪਰਸਪਰ ਲਾਭ ਲਈ, ਇੱਕ ਸਾਂਝੀ ਖੁਸ਼ਹਾਲੀ ਲਈ, ਅਤੇ ਸਭ ਦੇ ਹਿਤਾਂ ਲਈ ਕੰਮ ਕਰਦੇ ਹਨ। (ਮਾਰਕਸ, ਸਰਮਾਇਆ, ਸੈਂਚੀ 1, ਸਫਾ 176)

ਇਹਨਾਂ ਵਿਕਟੋਰੀਅਨ ਭੱਦਰਪੁਰਸ਼ਾਂ ਜਿਹਨਾਂ ਦੀ ਸਨਅੱਤ ਅਤੇ ਉੱਦਮ ਨੇ ਬ੍ਰਿਟੇਨ ਨੂੰ 'ਸੰਸਾਰ ਦੀ ਵਰਕਸ਼ਾਪ' ਬਣਾ ਦਿੱਤਾ, ਨੂੰ ਨੇੜਿਓਂ ਜਾਨਣ ਵਾਲ਼ੇ ਇੱਕ ਵਿਅਕਤੀ ਨੇ ਉਹਨਾਂ ਨੂੰ ਕੁਝ ਇੰਝ ਪੇਸ਼ ਕੀਤਾ ਹੈ:

ਮੈਂ ਅੰਗਰੇਜ਼ ਬੁਰਜੂਆਜ਼ੀ ਜਿਹੀ ਕੋਈ ਹੋਰ ਜਮਾਤ ਨਹੀਂ ਦੇਖੀ ਜਿਹੜੀ ਇੰਨੀ ਭ੍ਰਿਸ਼ਟ ਹੋਵੇ, ਖੁਦਪ੍ਰਸਤੀ ਵਿੱਚ ਇੰਨੀ ਡੂੰਘੀ ਤਰ੍ਹਾਂ ਨਾਲ਼ ਗਲਤਾਨ ਹੋਵੇ, ਅੰਦਰੋਂ ਇੰਨੀ ਖੋਖਲੀ ਤੇ ਇਸ ਲਈ ਤਰੱਕੀ ਦੇ ਇੰਨਾ ਨਾਕਾਬਿਲ ਹੋਵੇ ਅਤੇ ਠੀਕ-ਠੀਕ ਅਰਥਾਂ ਵਿੱਚ ਬੁਰਜੂਆਜ਼ੀ ਕਹੇ ਜਾਣ ਵਾਲ਼ੇ, ਭਾਵ ਉਦਾਰਵਾਦੀਆਂ, 'ਕਾਰਨ (Corn)' ਕਨੂੰਨ ਮਨਸੂਖ ਕਰਵਾਉਣ ਵਾਲ਼ੀ ਬੁਰਜੂਆਜ਼ੀ ਲਈ ਇਹ ਗੱਲ ਖਾਸ ਤੌਰ 'ਤੇ ਸਹੀ ਹੈ। ਇਸ ਕਰਕੇ, ਉਸ ਲਈ ਸੰਸਾਰ ਵਿੱਚ ਪੈਸੇ ਤੋਂ ਇਲਾਵਾ ਹੋਰ ਕਿਸੇ ਚੀਜ਼ ਦੀ, ਖੁਦ ਦੀ ਵੀ ਕੋਈ ਹੋਂਦ ਨਹੀਂ ਹੈ। ਉਹ ਲਾਭ ਤੋਂ ਇਲਾਵਾ ਹੋਰ ਕਿਸੇ ਚੀਜ਼ ਨੂੰ ਨਹੀਂ ਦੇਖਦੀ, ਸੋਨੇ ਦੇ ਖੁੱਸ ਜਾਣ ਤੋਂ ਇਲਾਵਾ ਉਸਨੂੰ ਹੋਰ ਕੋਈ ਦੁੱਖ ਨਹੀਂ ਹੁੰਦਾ। ਇਸ ਲਾਲਚ ਅਤੇ ਹਵਸ ਦੀ ਮੌਜੂਦਗੀ ਵਿੱਚ, ਕਿਸੇ ਇੱਕ ਮਨੁੱਖ ਦੀ ਭਾਵਨਾ ਜਾਂ ਰਾਇ ਦਾ ਵੀ ਕਲੰਕਰਹਿਤ ਬਚ ਜਾਣਾ ਅਸੰਭਵ ਹੈ। ਠੀਕ ਹੈ, ਅੰਗਰੇਜ਼ ਬੁਰਜੂਆ ਚੰਗੇ ਪਤੀ ਤੇ ਪਰਿਵਾਰਕ ਆਦਮੀ ਹੁੰਦੇ ਹਨ ਅਤੇ ਉਹਨਾਂ ਵਿੱਚ ਹੋਰ ਬਹੁਤ ਸਾਰੇ ਨਿੱਜੀ ਗੁਣ ਹੁੰਦੇ ਹਨ ਅਤੇ ਉਹ ਬਾਕੀ ਸਭਨਾਂ ਬੁਰਜੂਆਵਾਂ ਨਾਲ਼ੋਂ ਵਧੇਰੇ ਸੁਘੜ ਤੇ ਸਤਿਕਾਰਤ ਦਿਖਾਈ ਦਿੰਦੇ ਹਨ; ਇੱਥੋਂ ਤੱਕ ਕਿ ਬਿਜ਼ਨੈੱਸ ਵਿੱਚ ਵੀ ਜਰਮਨਾਂ ਨਾਲ਼ੋਂ ਵਧੇਰੇ ਚੰਗੀ ਤਰ੍ਹਾਂ ਵਰਤਦੇ ਹਨ; ਉਹ ਸਾਡੇ ਆਪਣੇ ਤੁੱਛ ਵਪਾਰੀਆਂ ਵਾਂਗ ਸੌਦੇਬਾਜ਼ੀ ਦੌਰਾਨ ਬਹੁਤਾ ਨਹੀਂ ਖਹਿਬੜਦੇ; ਪ੍ਰੰਤੂ ਇਸ ਸਭ ਦਾ ਕੀ ਲਾਭ? ਆਖਰ ਨੂੰ, ਇਹ ਸਿਰਫ ਖੁਦਪ੍ਰਸਤੀ ਹੈ ਤੇ ਖਾਸ ਤੌਰ 'ਤੇ ਪੈਸੇ ਦਾ ਲਾਭ ਹੈ ਜਿਹੜਾ ਉਹਨਾਂ ਨੂੰ ਪਰਿਭਾਸ਼ਿਤ ਕਰਦਾ ਹੈ। ਮਾਨਚੈਸਟਰ ਵਿੱਚ ਇੱਕ ਵਾਰ ਮੈਂ ਇੱਕ ਅਜਿਹੇ ਹੀ ਬੁਰਜੂਆ ਨੂੰ ਮਿਲ਼ਿਆ ਅਤੇ ਇਮਾਰਤਾਂ ਉਸਾਰਨ ਦੇ ਭੈੜੇ ਤੇ ਭ੍ਰਿਸ਼ਟ ਤਰੀਕੇ, ਮਜ਼ਦੂਰਾਂ ਦੇ ਕਮਰਿਆਂ ਦੀਆਂ ਬੁਰੀਆਂ ਹਾਲਤਾਂ ਬਾਰੇ ਗੱਲਬਾਤ ਕੀਤੀ ਅਤੇ ਕਿਹਾ ਕਿ ਮੈਂ ਅਜਿਹੇ ਭੈੜੇ ਤਰੀਕੇ ਨਾਲ਼ ਉਸਾਰਿਆ ਸ਼ਹਿਰ ਕਦੇ ਨਹੀਂ ਦੇਖਿਆ। ਉਸ ਆਦਮੀ ਨੇ ਅੰਤ ਤੱਕ ਮੇਰੀ ਗੱਲ ਅਰਾਮ ਨਾਲ਼ ਸੁਣੀ ਅਤੇ ਜਦੋਂ ਅਸੀਂ ਵੱਖ ਹੋਣ ਲੱਗੇ ਤਾਂ ਇੱਕ ਕੋਨੇ ਵਿੱਚ ਜਾ ਕੇ ਕਿਹਾ: 'ਪਰ ਫਿਰ ਵੀ ਇੱਥੋਂ ਬਹੁਤ ਕਮਾਈ ਹੋਈ ਹੈ; ਸ਼ੁਭ ਸਵੇਰ ਜਨਾਬ!' (ਮਾਰਕਸ-ਏਂਗਲਜ਼, ਬ੍ਰਿਟੇਨ ਬਾਰੇ, ਸਫਾ 311)

ਉਦਾਰਪੰਥੀ ਹਲਕਿਆਂ ਵਿੱਚ ਅੱਜਕੱਲ ਇੰਨੀ ਸਪੱਸ਼ਟਵਾਦਤਾ ਸਲਾਹੁਣਯੋਗ ਨਹੀਂ ਮੰਨੀ ਜਾਵੇਗੀ, ਪਰ ਅਜੇ ਵੀ ਸਨਅੱਤ ਦੇ ਕਈ ਮੋਹਰੀ ਅਜਿਹੇ ਹਨ ਜਿਹਨਾਂ ਦੇ ਸ਼ਬਦ ਕੰਨਾਂ ਵਿੱਚ ਵਜਦੇ ਰਹਿੰਦੇ ਹਨ, ਜਿਹੜੇ ਅੱਜ ਵੀ ਮਾਲਥਸ ਵਾਂਗ ਮੁਨਾਫੇ ਦੇ ਉਦੇਸ਼ ਦਾ ਦਾਹਵਾ ਕਰਦੇ ਰਹਿੰਦੇ ਹਨ:

ਸਿਰਫ ਮੁਨਾਫੇ ਹੀ ਉਹ ਸ੍ਰੋਤ ਹਨ ਜਿਸ ਰਾਹੀਂ ਕੌਮ ਦੀ ਦੌਲਤ ਵਿੱਚ ਵਾਧਾ ਹੋ ਸਕਦਾ ਹੈ ਅਤੇ ਇਹੀ ਸਾਡੇ ਸਭਨਾਂ ਵਿੱਚੋਂ ਹਰ ਇੱਕ ਦੇ ਰੁਜ਼ਗਾਰ ਦਾ ਅਸਲੀ ਸਹਾਰਾ ਹੈ। (ਦ ਟਾਈਮਜ਼, 25-4-1873)

**ਬੁਰਜੂਆ ਜਮਹੂਰੀਅਤ**

ਸਮਾਏਦਾਰਾ ਸਮਾਜ ਦੀ ਰਾਜਸੱਤ੍ਹਾ ਦਾ ਮੁੱਖ ਰੂਪ ਬੁਰਜੂਆ ਪਾਰਲੀਮਾਨੀ ਜਮਹੂਰੀਅਤ ਹੈ। 'ਇੱਕ ਵਿਅਕਤੀ ਇੱਕ ਵੋਟ' ਦਾ ਬੁਰਜੂਆ ਜਮਹੂਰੀ ਸਿਧਾਂਤ ਨਿੱਜੀ ਜਾਇਦਾਦ ਉੱਤੇ ਅਧਾਰਤ ਬਰਾਬਰੀ ਦੀ ਕਨੂੰਨੀ ਕਲਪਨਾ ਦਾ ਸਿਆਸੀ ਪ੍ਰਗਟਾਵਾ ਹੈ:

ਬਰਾਬਰੀ ਦੇ ਮਸਲੇ ਦੀ ਇੱਕ ਅਮੂਰਤ ਜਾਂ ਰਸਮੀ ਪੇਸ਼ਕਾਰੀ ਬੁਰਜੂਆ ਜਮਹੂਰੀਅਤ ਦੇ ਖਾਸੇ ਵਿੱਚ ਹੀ ਮੌਜੂਦ ਹੈ। ਆਮ ਰੂਪ ਵਿੱਚ ਵਿਅਕਤੀ ਦੀ ਬਰਾਬਰੀ ਦੇ ਪਰਦੇ ਓਹਲੇ, ਬੁਰਜੂਆ ਜਮਹੂਰੀਅਤ ਇੱਕ ਜਾਇਦਾਦ-ਮਾਲਕ ਤੇ ਪ੍ਰੋਲੇਤਾਰੀ, ਇੱਕ ਲੋਟੂ ਤੇ ਲੁੱਟੇ ਜਾਣ ਵਾਲ਼ੇ ਵਿਚਕਾਰ ਰਸਮੀ ਜਾਂ ਕਨੂੰਨੀ ਬਰਾਬਰੀ ਦਾ ਐਲਾਨ ਕਰਦੀ ਹੈ, ਇਸ ਤਰ੍ਹਾਂ ਦੱਬੀਆਂ-ਕੁਚਲੀਆਂ ਜਮਾਤਾਂ ਨੂੰ ਧੋਖੇ ਵਿੱਚ ਰੱਖਦੀ ਹੈ। (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 31, ਸਫਾ 145)

ਬੁਰਜੂਆ ਜਮਹੂਰੀਅਤ ਨੂੰ ਲੈਨਿਨ ਨੇ 'ਪਾਰਲੀਮਾਨੀ ਰੂਪ ਥੱਲੇ ਲੁਕੀ ਬੁਰਜੂਆ ਤਾਨਾਸ਼ਾਹੀ' ਕਿਹਾ ਹੈ (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 30, ਸਫਾ 300)। ਜਮਹੂਰੀਅਤ ਅਤੇ ਤਾਨਾਸ਼ਾਹੀ ਵਿਚਾਲ਼ੇ ਸਬੰਧ ਦੇ ਮਾਰਕਸਵਾਦੀ ਸੰਕਲਪ ਨੂੰ ਸਮਝਣ ਲਈ, ਸਨਅੱਤੀ ਸਰਮਾਏਦਾਰੀ ਦੇ ਯੁੱਗ ਵਿੱਚ ਵਿਕਸਤ ਹੋਏ ਬ੍ਰਿਟਿਸ਼ ਪਾਰਲੀਮਾਨੀ ਢਾਂਚੇ ਨੂੰ ਮੁੜ-ਵਾਚਣਾ ਮਦਦਗਾਰ ਹੋਵੇਗਾ।

1832 ਦੇ ਸੁਧਾਰਾਂ ਤੋਂ ਪਹਿਲਾਂ, ਦੇਸ਼ ਦੀ ਸਰਕਾਰ, ਭਾਵ ਕਿ ਫੌਜਾਂ ਦਾ ਕੰਟਰੋਲ, ਅਮਨ-ਕਨੂੰਨ ਬਣਾਈ ਰੱਖਣ ਦੀ ਜ਼ਿੰਮੇਵਾਰੀ ਅਤੇ ਵਿੱਤੀ ਪ੍ਰਬੰਧ ਦੀ ਦੇਖ-ਰੇਖ ਪਾਰਲੀਮੈਂਟ ਕੋਲ਼ ਸੀ ਜਿਸ ਵਿੱਚ ਸਮੁੱਚੀ ਅਬਾਦੀ ਦੇ ਥੋੜੇ ਜਿਹੇ ਹਿੱਸੇ, ਭਾਵ ਭੂਮੀਪਤੀਆਂ, ਵਪਾਰੀਆਂ ਅਤੇ ਫਾਇਨੈਂਸਰਾਂ ਨੂੰ ਹੀ ਨੁਮਾਇੰਦਗੀ ਹਾਸਲ ਸੀ। ਆਮ ਲੋਕਾਂ ਨੂੰ ਇਸ ਅਧਾਰ ਉੱਤੇ ਵੋਟ ਦੇਣ ਦੇ ਹੱਕ ਤੋਂ ਵਿਰਵਾ ਰੱਖਿਆ ਹੋਇਆ ਸੀ ਕਿ ਉਹ ਹਕੂਮਤ ਕਰਨ ਦੇ ਨਹੀਂ, ਸਗੋਂ ਆਪਣੇ ਉੱਤੇ ਹਕੂਮਤ ਕਰਵਾਏ ਜਾਣ ਦੇ ਹੀ ਯੋਗ ਹਨ, ਜਿਵੇਂ ਕਿ ਅਸੀਂ ਉੱਪਰ ਐਡਮੰਡ ਬਰਕ ਦੇ ਲਫਜ਼ਾਂ ਵਿੱਚ ਦੇਖ ਆਏ ਹਾਂ ਜਿਹੜਾ ਉਹਨਾਂ ਦਿਨਾਂ ਦੀ ਹਾਕਮ ਜਮਾਤ ਨਾਲ਼ ਸਬੰਧ ਰੱਖਦਾ ਸੀ। ਇਹ ਬੁਰਜੂਆਜ਼ੀ ਦੀ ਖੁੱਲ੍ਹੀ ਤਾਨਾਸ਼ਾਹੀ ਸੀ।

1832 ਦੇ ਸੁਧਾਰ ਕਨੂੰਨਾਂ ਜਿਹੜੇ ਮਜ਼ਦੂਰ ਜਮਾਤ ਦੀ ਹਮਾਇਤ-ਪ੍ਰਾਪਤ ਨਵੀਂ ਉੱਭਰੀ ਸਨਅਤੀ ਬੁਰਜੂਆਜ਼ੀ ਦੇ ਦਬਾਅ ਕਾਰਨ ਪਾਸ ਕੀਤੇ ਗਏ, ਦੇ ਸਿੱਟੇ ਵਜੋਂ ਵੋਟ ਪਾਉਣ ਦੇ ਢਾਂਚੇ ਦਾ ਪੁਨਰਗਠਨ ਕੀਤਾ ਗਿਆ ਤਾਂ ਕਿ ਸਨਅੱਤਕਾਰਾਂ ਨੂੰ ਉਹਨਾਂ ਦੀ ਆਰਥਕ ਤਾਕਤ ਦੇ ਅਨੁਸਾਰ ਰਾਜਸੱਤ੍ਹਾ ਵਿੱਚ ਹਿੱਸਾ ਦਿੱਤਾ ਜਾ ਸਕੇ, ਪ੍ਰੰਤੂ ਅਜੇ ਵੀ ਵੋਟ ਦੇਣ ਦੇ ਹੱਕ ਲਈ ਜਾਇਦਾਦ-ਮਾਲਕੀ ਹੋਣੀ ਜ਼ਰੂਰੀ ਸੀ, ਜਿਸ ਕਾਰਨ ਮਜ਼ਦੂਰ ਜਮਾਤ ਅਜੇ ਵੀ ਇਸ ਦਾਇਰੇ ਤੋਂ ਬਾਹਰ ਸੀ। ਸੁਧਾਰ ਲਈ ਘੋਲ਼ ਨੂੰ ਫਿਰ ਚਾਰਟਰਵਾਦੀਆਂ ਨੇ ਆਪਣੇ ਹੱਥਾਂ ਵਿੱਚ ਲੈ ਲਿਆ, ਜਿਹਨਾਂ ਨੇ ਪੂਰੇ ਦੇਸ਼ ਵਿੱਚ ਜਨਤਕ ਮੀਟਿੰਗਾਂ ਦੌਰਾਨ ਹਾਸਲ ਹੋਈ ਵਿਸ਼ਾਲ ਹਮਾਇਤ ਦੇ ਸਦਕਾ ਇੱਕਸਮਾਨ ਚੋਣ ਖੇਤਰ, ਸਾਰੇ ਪੁਰਸ਼ਾਂ ਨੂੰ



ਵੋਟ ਦਾ ਹੱਕ, ਸਲਾਨਾ ਪਾਰਲੀਮਾਨੀ ਬੈਠਕਾਂ, ਗੁਪਤ ਵੋਟ ਅਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਤਨਖਾਹ ਦੇਣ ਲਈ ਸੁਧਾਰ ਕਰਨ ਖਾਤਰ ਇੱਕ ਮੰਗ-ਪੱਤਰ ਪਾਰਲੀਮੈਂਟ ਅੱਗੇ ਪੇਸ਼ ਕੀਤਾ। ਜੇ ਇਹ ਮੰਗਾਂ ਮੰਨ ਲਈਆਂ ਜਾਂਦੀਆਂ ਤਾਂ ਮਜ਼ਦੂਰ ਜਿਹੜੇ ਅਬਾਦੀ ਦਾ ਬਹੁਗਿਣਤੀ ਹਿੱਸਾ ਸਨ, ਸੱਤ੍ਹਾ ਉੱਤੇ ਕਬਜ਼ਾ ਕਰ ਸਕਦੇ ਸਨ, ਇਸੇ ਡਰੋਂ ਹੀ ਬੁਰਜੂਆਜ਼ੀ ਨੇ ਉਹਨਾਂ ਦਾ ਵਿਰੋਧ ਕੀਤਾ। ਸਰਕਾਰ ਨੇ ਫੌਜ ਅਤੇ ਪੁਲਿਸ ਲਗਾ ਦਿੱਤੀ ਅਤੇ ਚਾਰਟਰਵਾਦੀ ਲਹਿਰ ਨੂੰ ਕੁਚਲ਼ ਦਿੱਤਾ ਗਿਆ। ਇੱਥੋਂ ਤੱਕ ਪਾਰਲੀਮਾਨੀ ਸੁਧਾਰਾਂ ਦਾ ਪੱਖ ਲੈਣ ਵਾਲ਼ੇ ਬੁਰਜੂਆ ਰੈਡੀਕਲ ਵੀ ਉਹਨਾਂ ਨੂੰ ਮਜ਼ਦੂਰ ਜਮਾਤ ਦੀ ਸੱਤ੍ਹਾ ਦੇ ਇੱਕ ਸਾਧਨ ਵਜੋਂ ਵਰਤੇ ਜਾਣ ਦੇ ਵਿਚਾਰ ਤੋਂ ਕੰਬ ਉੱਠੇ।

ਚਾਰਟਰਵਾਦੀ ਲਹਿਰ ਦੀ ਹਾਰ ਤੋਂ ਬਾਅਦ ਦੇ ਅਰਸੇ ਵਿੱਚ, ਬ੍ਰਿਟਸ਼ ਹਾਕਮ ਜਮਾਤ ਨੇ ਕਦਮ-ਦਰ-ਕਦਮ ਪਾਰਲੀਮਾਨੀ ਸੁਧਾਰਾਂ ਦੀ ਨੀਤੀ ਨੂੰ ਅਪਣਾਇਆ ਜਿਸ ਦੇ ਸਿੱਟੇ ਵਜੋਂ ਉਹ ਬ੍ਰਿਟਸ਼ ਸਿਆਸੀ ਢਾਂਚਾ ਹੋਂਦ ਵਿੱਚ ਆਇਆ ਜੋ ਅਸੀਂ ਦੇਖਦੇ ਹਾਂ। ਇਸ ਢਾਂਚੇ ਵਿੱਚ ਚਾਰਟਰਵਾਦੀਆਂ ਦੀਆਂ ਸਾਰੀਆਂ ਮੰਗਾਂ ਅਸਲ ਵਿੱਚ ਮੰਨ ਲਈਆਂ ਗਈਆਂ ਹਨ; ਪ੍ਰੰਤੂ ਫਿਰ ਵੀ ਰਾਜਸੱਤ੍ਹਾ ਪੱਕੀ ਤਰ੍ਹਾਂ ਬੁਰਜੂਆਜ਼ੀ ਦੇ ਹੱਥਾਂ ਵਿੱਚ ਹੈ। ਅਜਿਹਾ ਕਿਸ ਤਰ੍ਹਾਂ ਸੰਭਵ ਬਣਾਇਆ ਗਿਆ?

ਸਾਮਰਾਜਵਾਦ ਦੁਆਰਾ ਹਾਸਲ ਕੀਤੇ ਗਏ ਸੁਪਰ-ਮੁਨਾਫਿਆਂ ਸਦਕਾ, ਹਾਕਮ ਜਮਾਤ ਨੇ ਮਜ਼ਦੂਰਾਂ ਨੂੰ ਕਾਫੀ ਰਿਆਇਤਾਂ ਦਿੱਤੀਆਂ ਹਨ, ਉਹਨਾਂ ਵਿਚਕਾਰ ਕੁਸ਼ਲ ਤੇ ਅਕੁਸ਼ਲ, ਗੋਰੇ ਤੇ ਕਾਲ਼ੇ ਦੀਆਂ ਵੰਡੀਆਂ ਪਾ ਦਿੱਤੀਆਂ ਹਨ ਅਤੇ ਉਹਨਾਂ ਨੂੰ ਬੁਰਜੂਆ ਵਿਚਾਰਾਂ ਦੇ ਪ੍ਰਭਾਵ ਹੇਠ ਲਿਆਂਦਾ ਹੈ:

ਇੰਗਲੈਂਡ ਜਿਹੇ ਦੇਸ਼ਾਂ ਦੀ ਮਿਸਾਲ ਚੇਤੇ ਕਰੋ ਜਿੱਥੇ ਬੁਰਜੂਆਜ਼ੀ ਖਿਲਾਫ ਪ੍ਰੋਲੇਤਾਰੀ ਦਾ ਜਮਾਤੀ ਘੋਲ਼ ਹਰ ਥਾਂ 'ਤੇ ਹਰ ਸਮੇਂ ਚੱਲਦਾ ਰਹਿੰਦਾ ਹੈ ਅਤੇ ਫਿਰ ਵੀ ਪ੍ਰੋਲੇਤਾਰੀ ਇੱਕਜੁੱਟ ਨਹੀਂ ਹੈ, ਇਸਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਬੁਰਜੂਆਜ਼ੀ ਖਰੀਦ ਲੈਂਦੀ ਹੈ, ਇਸ ਦੀ ਜਮਾਤੀ ਚੇਤਨਾ ਸਰਮਾਏ ਦੇ ਵਿਚਾਰਧਾਰਕਾਂ ਦੁਆਰਾ ਭ੍ਰਿਸ਼ਟ ਕਰ ਦਿੱਤੀ ਜਾਂਦੀ ਹੈ, ਇਸਦੀ ਤਾਕਤ ਮਜ਼ਦੂਰ ਕੁਲੀਨਸ਼ਾਹੀ ਦੁਆਰਾ ਮਜ਼ਦੂਰਾਂ ਦੀ ਵਿਆਪਕ ਅਬਾਦੀ ਨੂੰ ਤਿਲਾਂਜਲੀ ਦਿੱਤੇ ਜਾਣ ਕਰਕੇ ਖਿੰਡ-ਪੁੰਡ ਗਈ ਹੈ। (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 10, ਸਫਾ 60)

ਮਜ਼ਦੂਰਾਂ ਵਿੱਚ ਬੁਰਜੂਆ ਵਿਚਾਰਧਾਰਾ ਫੈਲਾਉਣ ਦੇ ਮੁੱਖ ਢੰਗ ਲੇਬਰ ਪਾਰਟੀ ਅਤੇ ਟਰੇਡ ਯੂਨੀਅਨ ਨੌਕਰਸ਼ਾਹੀ ਹਨ। ਲੇਬਰ ਪਾਰਟੀ ਦੇ ਮੁੱਖ-ਬੁਲਾਰਿਆਂ ਦਾ 'ਜਮਹੂਰੀ ਸਮਾਜਵਾਦ' ਇੱਕ ਹੋਰ ਨਾਮ ਥੱਲੇ ਬੁਰਜੂਆ ਵਿਚਾਰਧਾਰਾ ਹੈ, ਜਿਹੜੀ ਇਹ ਦਾਅਵਾ ਕਰਦੀ ਹੈ ਕਿ ਪਾਰਲੀਮਾਨੀ ਸੁਧਾਰਾਂ ਜ਼ਰੀਏ ਹੀ ਸਮਾਜਵਾਦ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਲੇਬਰ ਪਾਰਟੀ ਸਰਮਾਏਦਾਰੀ ਦਾ ਮੁੱਖ ਥੰਮ ਬਣ ਗਈ ਹੈ ਅਤੇ ਜਿੰਨਾ ਚਿਰ ਦੇਸ਼ ਉੱਤੇ ਇੱਕ ਜਾਂ ਦੂਜੀ ਪਾਰਟੀ ਜਿਹੜੀਆਂ ਦੋਵੇਂ ਹੀ ਢਾਂਚੇ ਦੇ ਅੰਦਰ ਰਹਿ ਕੇ ਕੰਮ ਕਰਨ ਲਈ ਵਚਨਬੱਧ ਹਨ, ਹਕੂਮਤ ਕਰਦੀ ਰਹੇਗੀ, ਹਾਕਮ ਜਮਾਤ ਪੱਕੇ ਪੈਰੀਂ ਰਹੇਗੀ। ਇਹ ਉਦੋਂ ਹੋਰ ਸਾਫ ਹੋ ਜਾਂਦਾ ਹੈ ਜਦੋਂ ਅਸੀਂ ਢਾਂਚੇ ਦੇ ਇੱਕ ਹੋਰ ਪੱਖ ਉੱਤੇ ਗੌਰ ਕਰਦੇ ਹਾਂ।

1823-30 ਦੌਰਾਨ ਜੁਰਮਾਂ ਸਬੰਧੀ ਕਨੂੰਨ ਬਦਲੇ ਗਏ ਅਤੇ ਪੁਰਾਣੇ ਮੱਧਯੁਗੀ ਰਾਤ ਦੇ ਚੌਕੀਦਾਰਾਂ ਦੀ ਥਾਂ ਇੱਕ ਨਵਾਂ ਪੁਲਿਸ ਬਲ ਕਾਇਮ ਕੀਤਾ ਗਿਆ। 1870-71 ਵਿੱਚ ਫੌਜ ਅਤੇ ਪ੍ਰਸ਼ਾਸਨਿਕ ਸੇਵਾਵਾਂ ਨੂੰ ਇਸ ਤਰ੍ਹਾਂ ਮੁੜਗਠਤ ਕੀਤਾ ਗਿਆ ਕਿ ਰਾਜ ਮਸ਼ੀਨਰੀ ਦੇ ਕਾਰਜਕਾਰੀ ਹਿੱਸਿਆਂ, ਭਾਵ ਪੁਲਿਸ, ਫੌਜ, ਨਿਆਂਪਾਲਿਕਾ ਅਤੇ ਨੌਕਰਸ਼ਾਹੀ ਨੂੰ ਨਵੀਂ ਬੁਰਜੂਆਜ਼ੀ ਦੇ ਕੰਟਰੋਲ ਹੇਠ ਕੀਤਾ ਜਾ ਸਕੇ। ਉਸ ਤੋਂ ਬਾਅਦ ਲਗਾਤਾਰ ਕਾਰਜਕਾਰਨੀ ਦੀਆਂ ਤਾਕਤਾਂ ਪਾਰਲੀਮੈਂਟ ਦੀ ਕੀਮਤ ਉੱਤੇ ਵਧਦੀਆਂ ਗਈਆਂ ਹਨ ਜਿਸਦੇ ਕੰਮ ਪੂਰੀ ਤਰ੍ਹਾਂ ਨਾਲ਼ ਵਿਧਾਨਕ ਤੇ ਸਲਾਹ-ਮਸ਼ਵਰਾ ਦੇਣ ਦੇ ਹਨ। ਸਿਧਾਂਤ ਵਿੱਚ, ਲੋਕਾਂ ਦੁਆਰਾ ਚੁਣੀ ਗਈ ਪਾਰਲੀਮੈਂਟ ਦੀ ਸਰਵਸੱਤ੍ਹਾ ਸਭ ਤੋਂ ਉੱਚੀ

ਹੈ; ਅਭਿਆਸ ਵਿੱਚ ਇਹ ਬਹੁਤ ਸੀਮਤ ਹੈ। ਚੋਣਾਂ ਦੌਰਾਨ ਕੀਤੇ ਗਏ ਵਾਅਦੇ ਜਿਹਨਾਂ ਦੇ ਅਧਾਰ ਉੱਤੇ ਕੋਈ ਪਾਰਟੀ ਬਹੁਮਤ ਹਾਸਲ ਕਰਦੀ ਹੈ, ਇਸ ਦੇ ਡਿਪਟੀਆਂ ਜਾਂ ਸਰਕਾਰ ਉੱਤੇ ਲਾਗੂ ਨਹੀਂ ਹੁੰਦੇ ਅਤੇ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਵੀ ਕੋਈ ਪ੍ਰਬੰਧ ਨਹੀਂ ਹੈ। ਪਾਰਲੀਮੈਂਟ ਵਿੱਚ ਵੀ ਅਸਲ ਤਾਕਤ ਨੁਮਾਇੰਦਿਆਂ ਕੋਲ਼ ਨਹੀਂ, ਸਗੋਂ ਕੈਬਨਿਟ ਕੋਲ਼ ਹੁੰਦੀ ਹੈ ਜਿਸਦੇ ਮੈਂਬਰ ਸਲਾਹ-ਮਸ਼ਵਰੇ ਲਈ ਪ੍ਰਸ਼ਾਸਨਿਕ ਸੇਵਾਵਾਂ ਦੇ ਸੀਨੀਅਰ ਅਫਸਰਾਂ ਉੱਤੇ ਨਿਰਭਰ ਰਹਿੰਦੇ ਹਨ, ਜਿਹੜੇ ਹਾਕਮ ਜਮਾਤ ਦੇ ਸਿਖਲਾਈ ਪ੍ਰਾਪਤ ਤੇ ਵਿਸ਼ਵਾਸਪਾਤਰ ਹੁੰਦੇ ਹਨ ਅਤੇ ਜਿਹਨਾਂ ਉੱਤੇ ਚੋਣਾਂ ਦਾ ਕੋਈ ਦਬਾਅ ਨਹੀਂ ਹੁੰਦਾ ਅਤੇ ਕੈਬਨਿਟ ਦੇ ਅੰਦਰ ਵੀ, ਮੋਹਰੀ ਮੈਂਬਰਾਂ ਦਾ ਇੱਕ ਛੋਟਾ ਗਰੁੱਪ ਹੁੰਦਾ ਹੈ, ਜਿਹੜਾ ਸੰਕਟ ਦੇ ਦੌਰਾਂ ਵਿੱਚ ਬੈਂਕਰਾਂ ਤੇ ਇਜਾਰੇਦਾਰ ਸਰਮਾਏਦਾਰਾਂ ਦੀ ਸਲਾਹ ਨਾਲ਼ ਅਹਿਮ ਫੈਸਲੇ ਲੈਂਦਾ ਹੈ। ਇਹ ਹੈ ਉਹ ਜਗ੍ਹਾ, ਜਿੱਥੇ ਅਸਲ ਵਿੱਚ ਸੱਤ੍ਹਾ ਦੀ ਤਾਕਤ ਮੌਜੂਦ ਹੁੰਦੀ ਹੈ। ਇਸ ਤਰ੍ਹਾਂ, ਮੀਡੀਆ ਦੀ ਸਹਾਇਤਾ ਨਾਲ਼ ਜਿਹੜਾ ਸਾਰੇ ਗੰਭੀਰ ਮਾਮਲਿਆਂ ਨੂੰ ਤੁੱਛ ਤੇ ਸਨਸਨੀਖੇਜ਼ ਬਣਾ ਕੇ ਪੇਸ਼ ਕਰਨ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਉਲ਼ਝਾਉਣ ਲਈ ਖੜਾ ਕੀਤਾ ਗਿਆ ਹੈ, ਸਾਡੇ ਹਾਕਮ ਰਜ਼ਾਮੰਦੀ ਦੀ ਸਰਕਾਰ ਦੇ ਪਰਦੇ ਪਿੱਛੇ ਤਾਨਾਸ਼ਾਹੀ ਕਾਇਮ ਕਰਨ ਵਿੱਚ ਕਾਮਯਾਬ ਰਹਿੰਦੇ ਹਨ। ਕੁਦਰਤੀ ਹੀ ਜਿੰਨ੍ਹਾ ਚਿਰ ਤੱਕ ਲੋਕ ਆਗਿਆਕਾਰੀ ਬਣੇ ਰਹਿਣਗੇ, ਉਹ ਇਸੇ ਢੰਗ ਨਾਲ਼ ਹਕੂਮਤ ਕਰਨਾ ਚਾਹੁਣਗੇ; ਪ੍ਰੰਤੂ ਜਿਵੇਂ ਹੀ ਲੋਕ ਲਹਿਰ ਉਹਨਾਂ ਦੇ ਆਰਥਿਕ ਵਿਸ਼ੇਸ਼ਧਿਕਾਰਾਂ ਨੂੰ ਚੁਣੌਤੀ ਦੇਣ ਜਿੰਨੀ ਤਾਕਤ ਫੜਨ ਲੱਗਦੀ ਹੈ, ਉਹ 'ਅਮਨ ਤੇ ਕਾਨੂੰਨ' ਬਾਰੇ ਬੂ-ਦੁਹਾਈ ਪਾਕੇ ਪਾਰਲੀਮਾਨੀ ਅਜ਼ਾਦੀਆਂ ਨੂੰ ਖਤਮ ਕਰ ਦਿੰਦੇ ਹਨ ਅਤੇ ਖੁੱਲੀ ਤਾਨਾਸ਼ਾਹੀ ਸਥਾਪਤ ਕਰ ਦਿੰਦੇ ਹਨ:

ਆਧੁਨਿਕ ਰਾਜਾਂ ਦੇ ਬੁਨਿਆਦੀ ਕਨੂੰਨ ਦੇਖੋ, ਉਹਨਾਂ ਦਾ ਪ੍ਰਸ਼ਾਸ਼ਨ ਦੇਖੋ, ਸਭਾ ਕਰਨ ਦੀ ਅਜ਼ਾਦੀ, ਪ੍ਰੈੱਸ ਦੀ ਅਜ਼ਾਦੀ ਦੇਖੋ, ਜਾਂ ਫਿਰ 'ਕਨੂੰਨ ਸਾਹਮਣੇ ਸਾਰੇ ਸ਼ਹਿਰੀਆਂ ਦੀ ਬਰਾਬਰੀ' ਦੇਖੋ ਅਤੇ ਤੁਹਾਨੂੰ ਹਰ ਕਦਮ ਉੱਤੇ ਬੁਰਜੂਆ ਜਮਹੂਰੀਅਤ ਦੇ ਉਸ ਢੰਭ ਦੇ ਪ੍ਰਮਾਣ ਮਿਲ਼ਣਗੇ ਜਿਹਨਾਂ ਤੋਂ ਹਰੇਕ ਇਮਾਨਦਾਰ, ਜਮਾਤੀ ਚੇਤੰਨ ਮਜ਼ਦੂਰ ਭਲੀਭਾਂਤ ਜਾਣੂ ਹੁੰਦਾ ਹੈ। ਅਜਿਹਾ ਇੱਕ ਵੀ ਰਾਜ ਜੋ ਜਿੰਨਾ ਮਰਜ਼ੀ ਜਮਹੂਰੀ ਹੋਵੇ, ਮੌਜੂਦ ਨਹੀਂ ਹੈ, ਜਿਸ ਵਿੱਚ ਅਜਿਹੀਆਂ ਸੰਵਿਧਾਨਕ ਚੋਰਮੋਰੀਆਂ ਜਾਂ ਪ੍ਰਬੰਧ ਨਾ ਹੋਣ ਜਿਹਨਾਂ ਰਾਹੀਂ ਬੁਰਜੁਆਜ਼ੀ ਮਜ਼ਦੂਰਾਂ ਖਿਲਾਫ ਹਥਿਆਰਬੰਦ ਦਸਤੇ ਭੇਜ ਸਕਦੀ ਹੈ, ਮਾਰਸ਼ਲ ਰਾਜ ਜਾਂ ਹੋਰ ਤੌਰ-ਤਰੀਕੇ ਵਰਤ ਸਕਦੀ ਹੈ ਜਦੋਂ 'ਅਮਨ-ਕਨੂੰਨ ਦੀ ਉਲੰਘਣਾ' ਹੁੰਦੀ ਹੋਵੇ ਜੋ ਅਸਲ ਵਿੱਚ ਲੁੱਟੀ ਜਾ ਰਹੀ ਜਮਾਤ ਦੁਆਰਾ ਆਪਣੇ ਗੁਲਾਮਾਂ ਵਾਲ਼ੇ ਹਾਲਾਤਾਂ ਦੀ 'ਉਲੰਘਣਾ' ਹੁੰਦੀ ਹੈ ਅਤੇ ਗੁਲਾਮੀ ਤੋਂ ਮੁਕਤੀ ਦੀ ਕੋਸ਼ਿਸ਼ ਹੁੰਦੀ ਹੈ। (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 28, ਸਫਾ 244)

ਬਸਤੀਆਂ ਵਿੱਚ, ਇਜਾਰੇਦਾਰ ਸਰਮਾਏਦਾਰਾਂ ਨੇ ਹਮੇਸ਼ਾਂ ਹੀ ਤੇ ਜਿੰਨਾ ਚਿਰ ਉਹ ਕਰ ਸਕੇ, ਇਹ ਆਧਾਰ ਬਣਾ ਕੇ ਕਿ ਬਸਤੀਆਂ ਦੇ ਲੋਕ 'ਸਵੈ-ਹਕੂਮਤ ਲਈ ਨਾਕਾਬਿਲ' ਹਨ, ਜਮਹੂਰੀਅਤ ਨੂੰ ਪੂਰੀ ਤਰ੍ਹਾਂ ਛਿੱਕੇ ਟੰਗ ਕੇ ਖੁੱਲੇਆਮ ਤਾਕਤ ਦੇ ਜ਼ੋਰ ਨਾਲ਼ ਰਾਜ ਕੀਤਾ ਹੈ। ਬਾਅਦ ਵਿੱਚ ਜਦੋਂ ਕੌਮੀ-ਮੁਕਤੀ ਲਹਿਰਾਂ ਦੀ ਵੱਧ ਰਹੀ ਤਾਕਤ ਨੇ ਉਹਨਾਂ ਨੂੰ ਰਿਆਇਤਾਂ ਦੇਣ ਲਈ ਮਜਬੂਰ ਕਰ ਦਿੱਤਾ, ਤਾਂ ਉਹਨਾਂ ਨੇ ਕੌਮੀ ਬੁਰਜੂਆਜ਼ੀ ਨੂੰ ਰਸਮੀ ਅਜ਼ਾਦੀ ਦੇ ਦਿੱਤੀ, ਜਿਸ ਨੇ ਉਹਨਾਂ ਦੀ ਮਦਦ ਨਾਲ਼ ਤੇ ਉਹਨਾਂ ਦੇ ਕੰਟਰੋਲ ਹੇਠ, ਆਪਣੀ ਖੁਦ ਦੀ ਤਾਨਾਸ਼ਾਹੀ ਕਾਇਮ ਕਰ ਲਈ।

ਇਸ ਤੋਂ ਇਹ ਨਤੀਜਾ ਨਹੀਂ ਕੱਢਿਆ ਜਾਣਾ ਚਾਹੀਦਾ ਕਿ ਬੁਰਜੂਆ ਜਮਹੂਰੀਅਤ ਲਈ ਘੋਲ਼ ਕਰਨ ਦਾ ਉੱਕਾ ਹੀ ਕੋਈ ਫਾਇਦਾ ਨਹੀਂ ਹੈ। ਨਾ ਸਿਰਫ ਇਹ ਜਗੀਰੂ ਨਿਰੰਕੁਸ਼ਵਾਦ ਤੋਂ ਅੱਗੇ ਵੱਲ ਪੁੱਟਿਆ ਗਿਆ ਕਦਮ ਹੈ, ਸਗੋਂ ਆਪਣੇ ਜਮਹੂਰੀ ਹੱਕਾਂ ਦੀ ਪੂਰੀ ਤਰ੍ਹਾਂ ਵਰਤੋਂ ਕਰ ਲੈਣ ਤੋਂ ਬਾਅਦ ਹੀ ਮਜ਼ਦੂਰ ਬੁਰਜੂਆ ਪਾਰਲੀਮਾਨੀਵਾਦ ਦੇ ਢੰਭ ਦੇ ਆਰ-ਪਾਰ ਦੇਖ ਸਕਣ ਦੇ ਯੋਗ ਹੁੰਦੇ ਹਨ ਅਤੇ ਇਸ ਲਈ ਹੋਰ ਅਗਲੇਰੇ ਘੋਲ਼ ਦੀ ਲੋੜ ਮਹਿਸੂਸ ਕਰਦੇ ਹਨ:

ਬੁਰਜੂਆ ਜਮਹੂਰੀਅਤ ਭਾਵੇਂ ਮੱਧਯੁਗੀਨਤਾ ਦੇ ਮੁਕਾਬਲੇ ਵੱਡੀ ਇਤਿਹਾਸਕ ਪੁਲਾਂਘ ਹੈ, ਹਮੇਸ਼ਾ ਹੀ ਅਤੇ ਸਰਮਾਏਦਾਰੀ ਅਧੀਨ ਲਾਜ਼ਮੀ ਹੀ ਸੌੜੀ, ਸੀਮਤ, ਝੂਠ, ਢੰਭ, ਅਮੀਰਾਂ ਲਈ ਜੰਨਤ ਤੇ ਦੱਬਿਆਂ-ਕੁਚਲਿਆਂ, ਗਰੀਬਾਂ ਲਈ ਧੋਖਾ ਤੇ ਭਰਮ-ਜਾਲ਼ ਬਣੀ ਰਹਿੰਦੀ ਹੈ। (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 28, ਸਫਾ 243)

ਪੁਰਾਣੇ ਪਾਰਲੀਮਾਨੀ ਦੇਸ਼ਾਂ ਵਿੱਚ ਬੁਰਜੂਆਜ਼ੀ ਨੇ ਢੰਭ ਦੀ ਕਲਾ ਅਤੇ ਲੋਕਾਂ ਨੂੰ ਮੂਰਖ ਬਣਾਉਣ ਦੇ ਹਜ਼ਾਰਾਂ ਢੰਗਾਂ ਜਿਵੇਂ ਬੁਰਜੂਆ ਪਾਰਲੀਮਾਨੀਵਾਦ ਨੂੰ 'ਆਮ ਜਮਹੂਰੀਅਤ' ਜਾਂ 'ਸ਼ੁੱਧ ਜਮਹੂਰੀਅਤ' ਬਣਾ ਕੇ ਪੇਸ਼ ਕਰਨ ਤੇ ਅਜਿਹੇ ਕਿੰਨੇ ਹੀ ਹੋਰ ਢੰਗਾਂ ਵਿੱਚ ਅਤੇ ਪੂਰੀ ਚਲਾਕੀ ਨਾਲ਼ ਉਹਨਾਂ ਹਜ਼ਾਰਾਂ ਤੰਦਾਂ ਨੂੰ ਲੁਕਾਉਣ ਜਿਹਨਾਂ ਰਾਹੀਂ ਪਾਰਲੀਮੈਂਟ ਸ਼ੇਅਰ ਬਾਜ਼ਾਰ ਤੇ ਸਰਮਾਏਦਾਰਾਂ ਨਾਲ਼ ਜੁੜੀ ਹੁੰਦੀ ਹੈ, ਵਿੱਚ ਵਿਕੇ ਹੋਏ ਤੇ ਭਾੜੇ ਦੇ ਮੀਡੀਆ ਤੇ ਪੈਸੇ ਦੀ, ਸਰਮਾਏ ਦੀ ਤਾਕਤ ਦੀ ਵਰਤੋਂ ਰਾਹੀਂ ਚੋਖੀ ਮੁਹਾਰਤ ਹਾਸਲ ਕਰ ਲਈ ਹੈ। (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 29, ਸਫਾ 561)

ਹਾਕਮ ਜਮਾਤ ਦਾ ਕਿਹੜਾ ਹਿੱਸਾ ਅਗਲੇ ਕੁਝ ਸਾਲਾਂ ਵਿੱਚ ਪਾਰਲੀਮੈਂਟ ਰਾਹੀਂ ਲੋਕਾਂ ਨੂੰ ਦਬਾਏਗਾ ਤੇ ਲੁੱਟੇਗਾ, ਦਾ ਫੈਸਲਾ ਕਰਨਾ - ਬੁਰਜੂਆ ਪਾਰਲੀਮਾਨੀਵਾਦ ਦਾ ਅਸਲੀ ਮੂਲ ਤੱਤ ਇਹੀ ਹੈ, ਨਾ ਸਿਰਫ ਪਾਰਲੀਮਾਨੀ-ਸੰਵਿਧਾਨਕ ਰਾਜਸ਼ਾਹੀ ਵਾਲ਼ੇ ਦੇਸ਼ਾਂ ਵਿੱਚ, ਸਗੋਂ ਸਭ ਤੋਂ ਵੱਧ ਜਮਹੂਰੀ ਦੇਸ਼ਾਂ ਵਿੱਚ ਵੀ। (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 25, ਸਫਾ 422)

ਸਭ ਤੋਂ ਵੱਧ ਜਮਹੂਰੀ ਰਾਜਾਂ ਵਿੱਚ ਵੀ, ਦੱਬੇ-ਕੁਚਲੇ ਲੋਕ ਹਰ ਕਦਮ ਉੱਤੇ ਸਰਮਾਏਦਾਰਾਂ ਦੀ 'ਜਮਹੂਰੀਅਤ' ਵੱਲੋਂ ਐਲਾਨੀ ਰਸਮੀ ਬਰਾਬਰੀ ਅਤੇ ਉਹਨਾਂ ਹਜ਼ਾਰਾਂ ਸੀਮਤਾਵਾਂ ਤੇ ਛਲ-ਕਪਟਾਂ ਜੋ ਪ੍ਰੋਲੇਤਾਰੀਆਂ ਨੂੰ ਉਜਰਤੀ-ਗੁਲਾਮ ਬਣਾ ਦਿੰਦੇ ਹਨ, ਵਿਚਾਲ਼ੇ ਵਿਰੋਧਤਾਈ ਨੂੰ ਅਨੁਭਵ ਕਰਦੇ ਹਨ। ਬਿਲਕੁਲ ਇਹੀ ਉਹ ਵਿਰੋਧਤਾਈ ਹੈ ਜਿਹੜੀ ਸਰਮਾਏਦਾਰੀ ਦੇ ਗਲਣ-ਸੜਨ, ਝੂਠ ਅਤੇ ਢੰਭ ਪ੍ਰਤੀ ਲੋਕਾਂ ਦੀਆਂ ਅੱਖਾਂ ਖੋਲ੍ਹਦੀ ਹੈ। ਇਹੀ ਉਹ ਵਿਰੋਧਤਾਈ ਹੈ ਜਿਹੜੀ ਸਮਾਜਵਾਦ ਦੇ ਐਜੀਟੇਟਰਾਂ ਤੇ ਪ੍ਰਾਪੇਗੰਡਾ ਕਾਰਕੁੰਨਾਂ ਨੂੰ ਲੋਕਾਂ ਸਾਹਮਣੇ ਉਹਨਾਂ ਨੂੰ ਇਨਕਲਾਬ ਲਈ ਤਿਆਰ ਕਰਨ ਲਈ ਲਗਾਤਾਰ ਨੰਗੀ ਕਰਨੀ ਚਾਹੀਦੀ ਹੈ। (ਲੈਨਿਨ, ਸਮੁੱਚੀਆਂ ਲਿਖਤਾਂ, ਸੈਂਚੀ 28, ਸਫਾ 246)

ਪੱਛਮ ਦੇ ਸਨਅਤੀ ਮਜ਼ਦੂਰਾਂ ਦਾ ਚੰਗਾ ਜੀਵਨ-ਪੱਧਰ ਬਸਤੀਵਾਦ ਅਤੇ ਸਾਮਰਾਜਵਾਦ ਦੇ ਅਧਾਰ ਉੱਤੇ ਟਿਕਿਆ ਹੋਇਆ ਸੀ। ਪਰ ਇਹ ਅਧਾਰ ਹੁਣ ਖੁਰ ਰਿਹਾ ਹੈ। ਕਿਉਂਕਿ ਸਾਮਰਾਜੀ ਲੁੱਟ ਲਈ ਖੁੱਲ੍ਹੇ ਇਲਾਕੇ ਸੀਮਤ ਹੁੰਦੇ ਜਾ ਰਹੇ ਹਨ, ਇਸ ਲਈ ਪੱਛਮ ਦੇ ਮਜ਼ਦੂਰਾਂ ਦੀ ਲੁੱਟ ਵੀ ਤਿੱਖੀ ਹੁੰਦੀ ਜਾ ਰਹੀ ਹੈ ਅਤੇ ਸਰਮਾਏਦਾਰਾ ਤਾਨਾਸ਼ਾਹੀ ਲਈ ਬੁਰਜੂਆ ਜਮਹੂਰੀਅਤ ਦਾ ਨਕਾਬ ਉੱਤਰਦਾ ਜਾ ਰਿਹਾ ਹੈ।

# ਭਾਰਤੀ ਜਮਹੂਰੀਅਤ 'ਚ ਪੈਸੇ ਦੀ ਸਰਦਾਰੀ

**ਪਵਨ ਕੁਮਾਰ ਕੌਸ਼ਲ**



ਪੂੰਜੀਵਾਦੀ ਵਿਸ਼ਵ ਦੀ ਸਭ ਤੋਂ ਵੱਡੀ ਮੰਨੀ ਜਾਂਦੀ ਭਾਰਤੀ ਜਮਹੂਰੀਅਤ ਦੀਆਂ ਹੁਣੇ ਸੰਪੰਨ ਹੋਈਆਂ ਚੋਣਾਂ ਹੁਣ ਤਕ ਦੀਆਂ ਸਭ ਤੋਂ ਮਹਿੰਗੀਆਂ ਚੋਣਾਂ ਸਾਬਤ ਹੋਈਆਂ ਹਨ ਜਿਸ ਅੰਦਰ ਦੇਸ਼ ਦੇ ਇਜਾਰੇਦਾਰ ਘਰਾਣਿਆਂ ਅਤੇ ਬਲੈਕੀਆਂ ਨੇ ਆਪਣੇ ਹਿੱਤਾਂ ਨੂੰ ਮੁੱਖ ਰੱਖ ਕੇ ਦੇਸ਼ ਦੀਆਂ ਸੱਤਾਧਾਰੀ ਜਮਾਤਾਂ ਨੂੰ ਦਿਲ ਖੋਲ੍ਹ ਕੇ ਪੈਸੇ ਮੁਹੱਈਆ ਕੀਤੇ। ਇਨ੍ਹਾਂ ਚੋਣਾਂ 'ਤੇ ਹੋਇਆ ਖ਼ਰਚਾ ਵਿਸ਼ਵ ਦੀ ਸਭ ਤੋਂ ਮਹਿੰਗੀ ਅਮਰੀਕੀ ਰਾਸ਼ਟਰਪਤੀ ਦੀ 2012 ਵਿੱਚ ਹੋਈ ਚੋਣ ਨੂੰ ਵੀ ਮਾਤ ਦੇ ਗਿਆ ਹੈ ਜਿਸ ਉੱਪਰ ਲਗਪਗ 7 ਅਰਬ ਡਾਲਰ ਖ਼ਰਚ ਹੋਏ ਸਨ। ਚੋਣ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਭਾਜਪਾ ਦੀ ਇਕੱਲੀ ਚੋਣ ਪ੍ਰਚਾਰ ਮੁਹਿੰਮ ਜਿਸ ਵਿੱਚ ਇਲੈਕਟ੍ਰਾਨਿਕ ਮੀਡੀਆ (ਟੀ.ਵੀ. ਚੈਨਲ) ਅਤੇ ਪ੍ਰਿੰਟ ਮੀਡੀਆ (ਅਖ਼ਬਾਰ) ਸ਼ਾਮਲ ਹਨ, ਉੱਪਰ ਹੀ ਲਗਪਗ 5000 ਕਰੋੜ ਰੁਪਏ ਖ਼ਰਚ ਹੋਏ ਹਨ ਜਿਹੜੇ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਸਾਰੀ ਚੋਣ ਮੁਹਿੰਮ ਦੇ ਬਰਾਬਰ ਬਣਦੇ ਹਨ। ਵਿਸ਼ਲੇਸ਼ਕਾਂ ਮੁਤਾਬਿਕ ਭਾਜਪਾ ਦੀ ਪੂਰੀ ਮੁਹਿੰਮ ਉੱਪਰ 10000 ਕਰੋੜ ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ। ਹਰੇਕ ਉਮੀਦਵਾਰ ਦਾ ਖ਼ਰਚਾ ਇਸ ਤੋਂ ਅਲੱਗ ਹੈ ਜਿਸਦੀ ਹੱਦ ਕਾਨੂੰਨੀ ਤੌਰ 'ਤੇ 70 ਲੱਖ ਰੁਪਏ ਮਿੱਥੀ ਗਈ ਸੀ।

ਦੇਸ਼ ਦੀਆਂ ਪਾਰਟੀਆਂ ਵੱਲੋਂ ਇਨ੍ਹਾਂ ਚੋਣਾਂ ਦੌਰਾਨ ਕੁੱਲ ਮਿਲਾ ਕੇ 30500 ਕਰੋੜ ਰੁਪਏ ਖ਼ਰਚ ਕਰਨ ਦਾ ਅੰਦਾਜ਼ਾ ਹੈ। ਇਸ ਤੋਂ ਇਲਾਵਾ ਸਰਕਾਰੀ ਖ਼ਜ਼ਾਨੇ ਉੱਪਰ 3426 ਕਰੋੜ ਰੁਪਏ ਦੇ ਬੋਝ ਦਾ ਅੰਦਾਜ਼ਾ ਲਗਾਇਆ ਗਿਆ ਹੈ ਜੋ ਸਾਲ 2009 ਦੀਆਂ ਚੋਣਾਂ ਨਾਲੋਂ 131 ਫ਼ੀਸਦੀ ਤੋਂ ਵੱਧ ਬਣਦਾ ਹੈ। ਸੰਨ 1952 ਵਿੱਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਵਿੱਚ ਪ੍ਰਤੀ ਵੋਟਰ ਖ਼ਰਚਾ 60 ਪੈਸੇ ਸੀ। ਸਾਲ 2009 ਵਿੱਚ ਇਹ ਖ਼ਰਚਾ 12 ਰੁਪਏ ਪ੍ਰਤੀ ਵੋਟਰ ਅਤੇ 2014 ਵਿੱਚ ਇਹ ਵਧ ਕੇ 17 ਰੁਪਏ ਪ੍ਰਤੀ ਵੋਟਰ ਹੋ ਗਿਆ ਹੈ। ਵਿਕਾਸ ਦੇ ਪੂੰਜੀਵਾਦੀ ਮਾਡਲ ਅਧੀਨ ਅਜਿਹੀਆਂ ਚੋਣਾਂ ਅੰਦਰ ਜਿੱਥੇ ਪ੍ਰਚਾਰ ਦੇ ਸਾਰੇ ਸਾਧਨਾਂ ਉੱਪਰ ਹਾਕਮ ਜਮਾਤਾਂ ਦੀ ਸਰਦਾਰੀ ਕਾਇਮ ਹੋਵੇ, ਉੱਥੇ ਮਜ਼ਦੂਰ ਜਮਾਤ ਦੇ ਕਿਸੇ ਨੁਮਾਇੰਦੇ ਲਈ ਅਜਿਹੀਆਂ ਚੋਣਾਂ ਵਿੱਚ ਭਾਗ ਲੈ ਸਕਣਾ ਕਿਵੇਂ ਸੰਭਵ ਹੋ ਸਕਦਾ ਹੈ?

ਮੌਜੂਦਾ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀਆਂ ਲੋਕ ਵਿਰੋਧੀ ਵਿਸ਼ਵੀਕਰਨ ਅਤੇ ਸਾਮਰਾਜਵਾਦ-ਪੱਖੀ ਨੀਤੀਆਂ ਕਾਰਨ ਦੇਸ਼ ਅੰਦਰ ਭ੍ਰਿਸ਼ਟਾਚਾਰ, ਮਹਿੰਗਾਈ ਤੇ ਬੇਰੁਜ਼ਗਾਰੀ ਦਾ ਬੋਲਬਾਲਾ ਹੋਣ ਕਰਕੇ ਇਸ ਨੂੰ ਕੇਵਲ 44 ਸੀਟਾਂ ਹਾਸਲ ਕਰ ਕੇ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਕਿਸੇ ਸਮੇਂ ਲੋਕ ਸਭਾ ਅੰਦਰ ਰਹੀ ਵਿਰੋਧੀ ਪਾਰਟੀ ਅਤੇ ਲੰਮੇ ਸਮੇਂ ਤਕ ਕੇਰਲਾ, ਪੱਛਮੀ ਬੰਗਾਲ ਅਤੇ ਤ੍ਰਿਪੁਰਾ ਸੂਬਿਆਂ ਅੰਦਰ ਸੱਤਾ 'ਤੇ ਕਾਬਜ਼ ਰਹੀਆਂ ਤੇ ਯੂਪੀਏ ਸਰਕਾਰ ਦੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ ਨੂੰ ਆਪਣੇ ਅਧੀਨ ਰਾਜਾਂ ਅੰਦਰ ਲਾਗੂ ਕਰਨ ਵਾਲੀਆਂ ਖੱਬੀਆਂ ਪਾਰਟੀਆਂ ਸੀਪੀਆਈ (ਐੱਮ), ਸੀਪੀਆਈ ਤੇ ਇਨ੍ਹਾਂ ਦੀਆਂ ਸਹਿਯੋਗੀ ਪਾਰਟੀਆਂ ਨੂੰ ਵੀ ਕੇਵਲ 11 ਸੀਟਾਂ ਲੈ ਕੇ ਸਬਰ ਕਰਨਾ ਪਿਆ।

ਭਾਰਤੀ ਬੁਰਜੂਆਜੀ ਪਾਰਲੀਮਾਨੀ ਜਮਹੂਰੀਅਤ ਅੰਦਰ ਹੁਣ ਤਕ ਜਿਹੜੀਆਂ ਪਾਰਟੀਆਂ ਸੱਤਾ ਉੱਪਰ ਕਾਬਜ਼ ਰਹੀਆਂ ਹਨ, ਉਹ ਦੇਸ਼ ਦੀ ਘੱਟ ਗਿਣਤੀ (ਬੁਰਜੂਆ ਜਮਾਤ) ਦੀ ਹੀ ਨੁਮਾਇੰਦਗੀ ਹੀ ਕਰਦੀਆਂ ਆ ਰਹੀਆਂ ਹਨ। ਅੱਜ ਤਕ ਸੱਤਾ 'ਤੇ ਕਾਬਜ਼ ਕੋਈ ਵੀ ਪਾਰਟੀ ਸੰਨ 1952 ਤੋਂ ਲੈ ਕੇ ਹੁਣ ਤਕ ਕੁੱਲ ਵੋਟਾਂ ਅਤੇ ਨਾ ਹੀ ਪਈਆਂ ਵੋਟਾਂ ਦਾ ਬਹੁਮਤ (50 ਫ਼ੀਸਦੀ ਤੋਂ ਉੱਪਰ) ਲੈ ਸਕੀ ਹੈ। ਮੌਜੂਦਾ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਭਾਰਤ ਦੇ 81.45 ਕਰੋੜ ਵੋਟਰਾਂ ਵਿੱਚੋਂ ਲਗਪਗ 54 ਕਰੋੜ (66.38 ਫ਼ੀਸਦੀ) ਵੋਟਾਂ ਹੀ ਪਈਆਂ ਹਨ। ਭਾਜਪਾ ਪਈਆਂ ਵੋਟਾਂ ਦਾ 38.9 ਫ਼ੀਸਦੀ ਵੋਟਾਂ ਲੈ ਕੇ 283 ਸੀਟਾਂ 'ਤੇ ਕਾਬਜ਼ ਹੋ ਗਈ ਹੈ। ਵੋਟਾਂ ਦੀ ਇਹ ਪ੍ਰਤੀਸ਼ਤਤਾ ਕੁੱਲ ਵੋਟਾਂ 81.45 ਕਰੋੜ ਦਾ ਕੇਵਲ 25.8 ਫ਼ੀਸਦੀ ਬਨਦੀ ਹੈ। ਕਾਂਗਰਸ ਪਾਰਟੀ ਉਸ ਨੂੰ ਪਈਆਂ ਵੋਟਾਂ ਦੇ 23.4 ਫ਼ੀਸਦੀ ਨਾਲ 44 ਸੀਟਾਂ ਪ੍ਰਾਪਤ ਕਰ ਸਕੀ ਜਿਹੜਾ ਕੁੱਲ ਵੋਟਾਂ ਦਾ 15.5 ਫ਼ੀਸਦੀ ਹੀ ਬਨਦਾ ਹੈ।

ਕਾਂਗਰਸ ਪਾਰਟੀ ਦੀ ਘੱਟ ਗਿਣਤੀ ਸਰਕਾਰ ਹੋਣ ਦੇ ਬਾਵਜੂਦ ਉਹ ਦੇਸ਼ ਦੀ ਬਹੁ-ਗਿਣਤੀ ਜਨਤਾ ਉੱਪਰ ਲੋਕ ਵਿਰੋਧੀ ਤੇ ਸਾਮਰਾਜਵਾਦ ਪੱਖੀ ਨੀਤੀਆਂ ਹੀ ਠੋਸਦੀ ਆਈ ਹੈ। ਸਾਨੂੰ ਇਸ ਬਾਰੇ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਭਾਜਪਾ ਦੇ ਭਾਰਤੀ ਰਾਜਸੱਤਾ 'ਤੇ ਕਾਬਜ਼ ਹੋਣ ਨਾਲ ਦੇਸ਼ ਅੰਦਰ ਲੋਕ-ਪੱਖੀ ਨੀਤੀਆਂ ਲਾਗੂ ਹੋਣ ਦਾ ਦੌਰ ਸ਼ੁਰੂ ਹੋ ਜਾਵੇਗਾ। ਭਾਜਪਾ ਦਾ ਜਮਾਤੀ ਖਾਸਾ ਕਾਂਗਰਸ ਪਾਰਟੀ ਨਾਲੋਂ ਕੋਈ ਵੱਖਰਾ ਨਹੀਂ ਹੈ। ਇਸਦੀਆਂ ਨੀਤੀਆਂ ਵੀ ਸਾਮਰਾਜਵਾਦੀ ਵਿਸ਼ਵੀਕਰਨ ਅਤੇ ਸਾਮਰਾਜਵਾਦ ਪੱਖੀ ਹੀ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੂੰਜੀਵਾਦੀ (ਬੁਰਜੂਆ) ਪਾਰਲੀਮਾਨੀ ਪ੍ਰਬੰਧ ਅਧੀਨ ਘੱਟ ਗਿਣਤੀ ਬਹੁ-ਗਿਣਤੀ ਉੱਪਰ ਰਾਜ ਕਰਦੀ ਹੈ, ਭਾਵ ਸਰਮਾਏਦਾਰ ਜਮਾਤ ਮਿਹਨਤਕਸ਼ ਜਮਾਤ ਉੱਪਰ ਰਾਜ ਕਰਦੀ ਹੈ।

# ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੁੜੀਆਂ ਦੇ ਹੋਸਟਲ ਵਿੱਚ ਪਿਛਲੇ ਇੱਕ ਡੇਢ ਮਹੀਨੇ ਤੋਂ ਸੀਵਰੇਜ ਦੀ ਦਿੱਕਤ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੁੜੀਆਂ ਦੇ ਹੋਸਟਲ ਵਿੱਚ ਪਿਛਲੇ ਇੱਕ ਡੇਢ ਮਹੀਨੇ ਤੋਂ ਸੀਵਰੇਜ ਦੀ ਦਿੱਕਤ ਚੱਲ ਰਹੀ ਸੀ! ਹੁਣ ਪਿਛਲੇ ਕੁਝ ਸਮੇਂ ਤੋਂ ਪਾਣੀ ਦੀ ਸਪਲਾਈ ਵੀ ਬੰਦ ਹੋ ਜਾਂਦੀ ਸੀ... ਪੀਣ ਯੋਗ ਪਾਣੀ ਕਾਫ਼ੀ ਦਿਨਾਂ ਤੋਂ ਬੰਦ ਸੀ! ਕੁੜੀਆਂ ਵੱਲੋਂ ਵਾਰਡਨ, ਸੀਨੀਅਰ ਵਾਰਡਨ ਸਭ ਨਾਲ ਗੱਲ ਕੀਤੀ ਗਈ, ਪਰ ਕੋਈ ਵੀ ਭਰੋਸੇਯੋਗ ਜਵਾਬ ਜਾਂ ਕਾਰਵਾਈ ਨਹੀਂ ਕੀਤੀ ਗਈ। ਹੁਣ ਪਿਛਲੇ ਦਿਨੀਂ ਕੁੜੀਆਂ ਨੇ ਜਦੋਂ ਸੀਨੀਅਰ ਵਾਰਡਨ ਨੂੰ ਇਹ ਕਿਹਾ ਕਿ ਜੇ ਇਹ ਸਭ ਠੀਕ ਨਹੀਂ ਕੀਤਾ ਗਿਆ ਤਾਂ ਅਸੀਂ ਧਰਨਾ ਲਾਵਾਂਗੇ ਤਾਂ ਵਾਰਡਨ ਨੇ ਕਿਹਾ ਕਿ ਜਿਹੜੀ ਕੁੜੀ ਧਰਨੇ... ਦੀਆਂ ਗੱਲਾਂ ਕਰਦੀ ਆ,ਉਹਦੇ ਗਾਈਡ ਦਾ ਨਾਮ ਦੱਸੋ, ਫੇਰ ਲਵਾਉਂਦੇ ਆਂ ਧਰਨੇ!

ਕੱਲ ਕੁੜੀਆਂ ਜਦੋਂ ਗੇਟ ਤੋੜ ਕੇ ਹੋਸਟਲ ਦੇ ਬਾਹਰ ਤੱਕ ਆ ਗਈਆਂ ਤਾਂ ਮੌਕੇ 'ਤੇ ਡੀਨ ਨਾਲ ਗੱਲ ਹੋਈ ਜਿਸ ਨੇ ਗੱਲਬਾਤ ਦੌਰਾਨ ਭੈਣ ਦੀ ਗਾਲ ਵੀ ਕੱਢੀ! ਕੁੜੀਆਂ ਉੱਥੋਂ ਅਗਲਾ ਬੈਰੀਅਰ ਲੰਘ ਕੇ ਵਾਈਸ ਚਾਂਸਲਰ ਦੇ ਘਰ ਅੱਗੇ ਬੈਠ ਗਈਆਂ, ਪੂਰੀ ਰਾਤ ਕੁੜੀਆਂ ਬੈਠੀਆਂ ਰਹੀਆਂ,ਉਹੀ ਮੁੰਡੇ ਜਿੰਨਾਂ ਤੋਂ ਬਚਾਅ ਕਰਨ ਲਈ ਕੁੜੀਆਂ ਦੇ ਹੋਸਟਲਾਂ ਅੱਗੇ ਬੈਰੀਅਰ ਲਾਏ ਜਾਂਦੇ ਨੇ,ਉਹਨਾਂ ਹੀ ਮੁੰਡਿਆਂ ਨੇ ਸਾਥ ਦਿੱਤਾ! ਖਾਣ ਪੀਣ ਨੂੰ ਲਿਆ ਕੇ ਦਿੱਤਾ! ਇਸ ਪੂਰੀ ਰਾਤ ਦੌਰਾਨ ਸੀਨੀਅਰ ਵਾਰਡਨ ਦੇ ਪਤੀ ਦੇਵ ਆਏ ,ਇਹ ਦੱਸਣ ਕਿ ਸੀਨੀਅਰ ਵਾਰਡਨ ਦੀ ਤਬੀਅਤ ਖ਼ਰਾਬ ਹੈ, ਜੋ ਕਿ ਗਿਆਰਾਂ ਵਜੇ ਤੋਂ ਬਾਅਦ ਹੀ ਖ਼ਰਾਬ ਹੋਈ ਤੇ ਉਹ ਗੋਲੀ ਲੈ ਕੇ ਸੌਂ ਗਏ ਸਨ!

ਹੁਣ ਸਵੇਰ ਤੋਂ ਕੁੜੀਆਂ ਨੇ ਯੂਨੀਵਰਸਿਟੀ ਦੇ ਸਭ ਗੇਟ ਬੰਦ ਕੀਤੇ ਹੋਏ ਨੇ! ਸਾਰੇ ਪਾਸੇ ਧਰਨੇ ਲੱਗੇ ਹੋਏ ਨੇ! ਸਭ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਲੜਾਈ ਵਿੱਚ ਕੁੜੀਆਂ ਦਾ ਸਾਥ ਦਿੱਤਾ ਜਾਵੇ! ਅਜੇ ਤੱਕ ਸਿਰਫ਼ ਪੁਲਿਸ ਤੇ ਮੀਡੀਆ ਵਾਲੇ ਆਏ!

# ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ : ਸ਼ਾਨਦਾਰ ਰੋਲ ਅਦਾ ਕਰਨ ਦੀ ਨਵੀਂ ਕੋਸ਼ਿਸ਼

ਬਰੈਂਪਟਨ: ਪਿਛਲੇ ਦਿਨੀਂ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਦੀ ਸਾਲ ਦੀ ਪਹਿਲੀ ਮੀਟਿੰਗ ਬਰੈਂਪਟਨ ਦੇ ਸੌਕਰ ਸੈਂਟਰ ਵਿਚ ਹੋਈ ਜਿਸ ਵਿਚ ਕਾਫੀ ਕਲੱਬਾਂ ਨੇ ਭਾਗ ਲਿਆ। ਮੀਟਿੰਗ ਦੀ ਪ੍ਰਧਾਨਗੀ ਕੁਨਵੀਨਰ ਪਰਮਜੀਤ ਸਿੰਘ ਬੜਿੰਗ ਨੇ ਕੀਤੀ ਅਤੇ ਮੁਖ ਮਹਿਮਾਨ ਸਨ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ। ਮੀਟਿੰਗ ਦੀ ਕਾਰਵਾਈ ਦਾ ਨਿਯਮਬੰਧ ਤਰੀਕੇ ਨਾਲ ਸੰਚਾਰ ਕਰਨ ਵਾਲੇ ਸਨ ਪ੍ਰੋਫੈਸਰ ਜਗੀਰ ਸਿੰਘ ਕਾਹਲੋਂ। ਕਾਹਲੋਂ ਸਾਹਿਬ ਪੰਜਾਬੀ ਦੇ ਰਿਟਾਇਰਡ ਪ੍ਰੋਫੈਸਰ ਹਨ ਅਤੇ ਭਾਰਤ ਤੋਂ ਕਨੇਡਾ ਪਿਛਲੇ ਸਾਲ ਹੀ ਆਏ ਹਨ। ਆਪਣੇ ਵਿਹਲੇ ਸਮੇ ਨੂੰ ਸਮਾਜ ਸੇਵਾ ਦੇ ਲੇਖੇ ਲਾਉਣ ਲਈ, ਉਨਹਾਂ ਅਸੋਸੀਏਸ਼ਨ ਨੂੰ ਜਾਇਨ ਕੀਤਾ ਹੈ। ਪੰਜਾਬੀ ਵਿਚ ਭਾਸ਼ਨ ਦੇਣ ਦੀ ਕਾਬਲੀਅਤ ਪੱਖੋਂ ਕਾਹਲੋਂ ਸਾਹਿਬ ਇਕ ਵਿਰਲੇ ਇਨਸਾਨ ਹਨ। ਐਸੋਸੀਏਸ਼ਨ ਉਨ੍ਹਾਂ ਦੇ ਇਸ ਗੁਣ ਦਾ ਭਰਪੂਰ ਫਾਇਦਾ ਲਵੇਗੀ। ਬੇਸ਼ੱਕ ਅਸੋਸੀਏਸ਼ਨ ਦੀ ਬਣਤਰ ਵਿਚ ਸੀਨੀਅਰ ਕਲੱਬਾਂ ਦਾ ਮੁਖ ਰੋਲ ਹੈ ਪਰ ਉਹ ਸਜਣ ਜੋ ਸਮਾਜ ਸੇਵਾ ਦਾ ਮਾਦਾ ਰਖਦੇ ਹਨ ਪਰ ਕਿਸੇ ਕਲੱਬ ਦੇ ਮੈਂਬਰ ਨਹੀਂ, ਅਸੋਸੀਏਸ਼ਨ ਨੂੰ ਜਾਇਨ ਕਰ ਸਕਦੇ ਹਨ।

ਸਭਾ ਵਿਚ ਇਹ ਫੈਸਲਾ ਲਿਆ ਗਿਆ ਕਿ ਪ੍ਰੋਵਿੰਸ਼ਲ ਅਲੈਕਸ਼ਨਾ ਦੇ ਮਦੇ ਨਜ਼ਰ ਆਉਣ ਵਾਲੇ ਸਮੇ ਵਿਚ ਉਮੀਦਵਾਰਾਂ ਨਾਲ ਰਾਫਤਾ ਬਣਾਕੇ ਬਜ਼ੁਰਗਾਂ ਨੂੰ ਦਰਪੇਸ਼ ਮੁਛਕਿਲਾਂ ਬਾਰੇ ਦਸਿਆ ਜਾਵੇਗਾ। ਅਜਿਹੀ ਪਹਿਲੀ ਕਾਨਫਰੰਸ ਰੈਡਵਿਲੋ ਪਾਰਕ ਵਿਚ 24 ਮਈ ਸ਼ਾਮ ਨੂੰ 4 ਤੋਂ 6 ਵਜੇ ਤਕ ਹੋ ਰਹੀ ਹੈ। ਇਹ ਸਭਾ ਰੈਡਵਿਲੋ ਸੀਨੀਅਰ ਕਲੱਬ ਅਤੇ ਅਸੋਸੀਏਸ਼ਨ ਆਫ ਸੀਨੀਅਰ ਕਲੱਬ ਵਲੋਂ ਹੋ ਰਹੀ ਹੈ। ਇਸ ਸਮੇ ਵਖ ਵਖ ਪਾਰਟੀਆਂ ਦੇ ਕੈਂਡੀਡੇਟਸ ਨੂੰ ਸਦਾ ਦਿਤਾ ਗਿਆ ਹੈ। ਪ੍ਰਧਾਨ ਬੜਿੰਗ ਜੀ ਨੇ ਬਜ਼ੁਰਗਾ ਦੇ ਡੀਮਾਡ ਚਾਰਟਰ ਬਾਰੇ ਤਫਸੀਲ ਪੜ੍ਹਕੇ ਸੁਣਾਈ, ਕੰਬੋਜ਼ ਸਾਹਿਬ ਨੇ ਯੂਨੀਵਰਸਟੀ ਉਪਰ ਅਪਡੇਟ ਦਿਤਾ ਅਤੇ ਸਪੋਕਸਮੈਨ ਅਜੀਤ ਸਿੰਘ ਰੱਖੜਾ ਨੇ ਹੁਣ ਤਕ ਦੀਆਂ ਗਤੀ ਵਿਧੀਆਂ ਦੇ ਵੇਰਵਿਆਂ ਦੀਆਂ ਫੋਟੋਕਾਪੀਜ਼ ਦਾ ਇਕ ਇਕ ਪੈਕਿਜ ਹਰ ਕਲੱਬ ਨੂੰ ਦਿਤਾ, ਜਿਸ ਵਿਚ ਡੀਮਾਂਡ ਚਾਰਟਰ ਅਤੇ ਸੰਵੀਧਾਨ ਦੀ ਕਾਪੀ ਵੀ ਸ਼ਾਮਲ ਸੀ। ਸਭਾ ਵਿਚ ਇਹ ਵੀ ਦਸਿਆ ਗਿਆ ਕਿ ਸੰਵੀਧਾਨ ਹੁਣ ਫਾਈਨਲ ਕਰ ਦਿਤਾ ਗਿਆ ਹੈ। ਕੋਈ ਸੋਧ ਕਰਨੀ ਹੋਵੇ ਤਾਂ ਸਵੀਧਾਨਿਕ ਤਰੀਕੇ ਹੀ ਮੁਮਕਿਨ ਹੋ ਸਕੇਗੀ। ਮੂੰਹ ਜ਼ੁਬਾਨੀ ਇਕੜ ਦੁਕੜ ਰਾਏ ਨੂੰ ਨਹੀਂ ਸੁਣਿਆ ਜਾਵੇਗਾ।

ਆਖਰ ਵਿਚ ਪ੍ਰਿੰਸੀਪਲ ਬਲਕਾਰ ਸਿੰਘ ਜੀ ਨੇ ਸਭਾ ਬਾਰੇ ਆਪਣੇ ਵਿਚਾਰ ਦਿਤੇ ਅਤੇ ਦਸਿਆ ਕਿ ਇਸ ਅਸੋਸੀਏਸ਼ ਨੇ ਸਹੀ ਮੁੱਦਿਆਂ ਨੂੰ ਹਥ ਪਾਇਆ ਹੈ ਅਤੇ ਸਹੀ ਪਹੁੰਚ ਅਪਣਾਈ ਹੈ। ਸਮੇ ਨਾਲ ਇਹ ਕੰਮ ਹੋ ਜਾਣ ਵਾਲੇ ਹਨ। ਉਨ੍ਹਾਂ ਆਪਣੇ ਤਜ਼ਰੁਬੇ ਮੁਤਾਬਿਕ ਦਸਿਆ ਕਿ ਕਨੇਡਾ ਇਕ ਕਨੂੰਨਮਈ ਮੁਲਕ ਹੈ। ਐਥੇ ਕਨੂੰਨ ਵਿਚ ਰਹਿਕੇ ਹੀ ਗੁਜ਼ਾਰਾ ਹੈ। ਉਨ੍ਹਾਂ ਨੇ ਹੇਰਾ ਫੇਰੀਆਂ ਤੋਂ ਬਚਕੇ ਰਹਿਣ ਦੀ ਤਕੀਦ ਕੀਤੀ। ਉਨ੍ਹਾਂ ਇਕ ਖਾਸ ਨੁਕਤਾ ਇਹ ਵੀ ਦਸਿਆ ਕਿ ਡੀਮਾਂਡਜ਼ ਜਿਨੀਆਂ ਜ਼ਿਆਦਾ ਘਟ ਹੋਣਗੀਆਂ, ਓਨੀ ਹੀ ਸਫਲਤਾ ਨਜ਼ਦੀਕ ਹੋਵੇਗੀ। ਬਹੁਤਾ ਖਿਲਾਰਾ ਠੀਕ ਨਹੀਂ ਰਹੇਗਾ।











ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਗਿੱਲ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਅਵਤਾਰ ਸਿੱਧੂ, ਵਿੰਨੀਪੈਗ ਮਾਨੀਟੋਬਾ
204-981-3375
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com



# ਬਦਲਵੀਂ ਰਾਜਨੀਤੀ ਅਤੇ ਸਮਾਜ ਦੀ ਪ੍ਰੇਰਣਾ ਦਾ ਝੰਡਾ ਬਰਦਾਰ ਕਾਰਲ ਮਾਰਕਸ



ਮਹਾਨ ਵਿਦਵਾਨ ਕਾਰਲ ਮਾਰਕਸ ਦਾ ਜਨਮ 5 ਮਈ 1818 ਨੂੰ ਜਰਮਨੀ ਵਿਚ ਨੂੰ ਹੋਇਆ, ਉਹਨਾਂ ਨੇ ਮਨੁੱਖ ਦੇ ਆਰਥਿਕ ਅਤੇ ਸਮਾਜਕ ਵਿਕਾਸ ਦਾ ਅਧਿਐਨ ਇਤਿਹਾਸ ਦੇ ਨਜ਼ਰੀਏ ਤੋਂ ਕੀਤਾ ਤੇ ਇਹੀ ਸਿੱਟਾ ਕੱਢਿਆ ਕਿ ਸਰਬੱਤ ਦੇ ਭਲੇ ਲਈ ਸਭ ਤੋਂ ਜ਼ਰੂਰੀ ਗੱਲ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰੋਕਣਾ ਹੈ, ਉਹਨਾਂ ਦੀਆ ਬਹੁਤ ਸਾਰੀਆਂ ਕਿਤਾਬਾਂ ਵਿਚੋਂ ਦਾਸ ਕੈਪਟੀਲ ਅਤੇ ਕਮਿਊਨਿਸਟ ਮੈਨੀਫਿਸਟੋ ਮੁੱਖ ਹਨ ਅਤੇ ਸਰਮਾਏਦਾਰੀ ਬਾਰੇ ਹੋਰ ਵੀ ਬਹੁਤ ਖੋਜ ਕੀਤੀ। ਉਹਨਾਂ ਤੱਤਾਂ ਦਾ ਅਧਿਐਨ ਕੀਤਾ ਜੋ ਇਸਨੂੰ ਪੈਦਾ ਕਰਦੇ। ਅਮਰੀਕਾ ਵਿਚ ਕਾਰਲ ਮਾਰਕਸ ਦੇ ਜਨਮ ਤੋਂ ਪਹਿਲਾ ਹੀ ਆਰਥਿਕਤਾ ਉੱਪਰ ਟਰੱਸਟਾਂ ਅਤੇ ਕਾਰਪੋਰੇਸ਼ਨਾਂ ਦੀ ਜਕੜ ਬਹੁਤ ਮਜ਼ਬੂਤ ਹੋ ਗਈ ਸੀ। ਇਸੇ ਕਰਕੇ ਅਮਰੀਕਾ ਦੇ ਪ੍ਰਧਾਨ ਨੂੰ ਕਹਿਣਾ ਪਿਆ ਸੀ ਕਿ ਚਾਹੀਦਾ ਤਾਂ ਇਹ ਸੀ ਕਿ ਕਾਰਪੋਰੇਸ਼ਨਾਂ ਕਾਨੂੰਨ ਅਧੀਨ ਹੁੰਦੀਆਂ ਤੇ ਲੋਕਾਂ ਦੀਆਂ ਸੇਵਾਦਾਰ ਹੁੰਦੀਆਂ ਪਰ ਉਹ ਲੋਕਾਂ ਦੀ ਹੋਣੀ ਦੀਆਂ ਮਾਲਕ ਬਣ ਗਈਆਂ ਹਨ। ਸਿੱਧੇ ਸ਼ਬਦਾਂ ਵਿਚ ਅਤੇ ਸੌਖੇ ਢੰਗ ਨਾਲ ਦੇਖੀਏ ਤਾਂ ਕਾਰਲ ਮਾਕਸ ਦੇ ਸਿਧਾਂਤ ਦਾ ਉਦੇਸ਼ ਇਹੀ ਸੀ ਉਤਪਾਦਨ ਦੇ ਸਾਧਨਾਂ ਦੀ ਮਲੀਅਤ ਸਾਂਝੀ ਹੋਵੇ ਅਤੇ ਉਤਪਾਦਨ ਮੁਨਾਫੇ ਲਈ ਨਾ ਹੋਕੇ ਲੋੜ ਅਨੁਸਾਰ ਹੋਵੇ। ਕਿਉਂਕਿ ਸਰਮਾਏਦਰੀ ਦਾ ਉਦੇਸ਼ ਲਾਭ ਕਮਾਉਣਾ ਹੈ ਤੇ ਇਸ ਲਈ ਉਹ ਕੁਝ ਵੀ ਕਰ ਸਦਕੇ ਹਨ। ਕਈ ਵਾਰ ਚੀਜ਼ਾਂ ਦੀ ਘਾਟ ਪੈਦਾ ਕਰਨ ਲਈ ਖੜ੍ਹੀਆਂ ਫਸਲਾਂ ਸਾੜ ਦਿੱਤੀਆਂ ਜਾਂਦੀਆਂ ਹਨ, ਆਲੂਆਂ ਦੀ ਫਸਲ ਉੱਪਰ ਮਿੱਟੀ ਦਾ ਤੇਲ ਛਿੜਕ ਦਿੱਤਾ ਜਾਂਦਾ ਹੈ, ਦੁੱਧ ਦਰਿਆਵਾਂ ਵਿਚ ਰੋੜ ਦਿੱਤਾ ਜਾਂਦਾ ਹੈ, ਫਲਾਂ ਨੂੰ ਗਾਲ ਦਿੱਤਾ ਜਾਂਦਾ ਹੈ। ਦੁਨੀਆਂ ਦੀਆਂ ਜੰਗਾਂ ਸਰਮਾਏਦਾਰੀ ਦੀ ਦੇਣ ਹਨ। ਉਹ ਆਪਣੇ ਅਧਿਐਨ ਨਾਲ ਸਮਝ ਗਿਆ ਸੀ ਕਿ ਆਉਣ ਵਾਲੇ ਸਮੇਂ ਵਿਚ ਵੱਧ ਲਾਭ ਕਮਾਉਣ ਲਈ ਅਤੇ ਚੀਜ਼ਾਂ ਦੀ ਥੁੜ ਪੈਦਾ ਕਰਨ ਲਈ ਇਹ ਸਭ ਕੁਝ ਕੀਤਾ ਜਾਂਦਾ ਹੈ। ਸਭ ਤੋਂ ਵੱਲੀ ਗੱਲ ਹੈ ਕਿ ਕਾਰਲ ਮਾਰਕਸ ਦੇ ਸਿਧਾਂਤ ਅਜਿਹੇ ਨਹੀਂ ਕਿ ਇੱਕ ਦਮ ਸਭ ਕੁਝ ਬਦਲਣਾ ਚਾਹੁੰਦੇ ਹਨ ਬਲਕਿ ਉਹ ਕਹਿੰਦਾ ਹੈ ਕਿ ਸਮਾਜ ਨੂੰ ਤਦ ਹੀ ਬਦਲਿਆ ਜਾ ਸਕਦਾ ਹੈ ਜੇਕਰ ਆਰਥਕ ਵਿਕਾਸ ਨੇ ਇਸਨੂੰ ਤਬਦੀਲੀ ਵਾਸਤੇ ਤਿਆਰ ਕਰ ਦਿੱਤਾ ਹੋਵੇ। ਬੇਸ਼ਕ ਸਮੇਂ ਦੇ ਨਾਲ ਬਹੁਤ ਕੁਝ ਬਦਲ ਗਿਆ ਹੈ। ਹੁਣ ਪੱਛਮੀ ਅਤੇ ਦੁਨੀਆਂ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਸਰਮਾਏਦਾਰੀ ਅੱਗੇ ਨਾਲੋਂ ਵੀ ਚਲਾਕ ਹੈ ਤੇ ਹੁਣ ਉਹ ਇਸ ਢੰਗ ਨਾਲ ਨਹੀਂ ਚੱਲਦੀ ਕਿ ਮਜ਼ਦੂਰ ਨੂੰ ਸਿਰਫ ਖਾਣ ਲਈ ਦਿੱਤਾ ਜਾਵੇ, ਬਲਕਿ ਇਸ ਢੰਗ ਨਾਲ ਚੱਲਦੀ ਹੈ ਕਿ ਉਸਨੂੰ ਥੋੜਾਂ ਵੱਧ ਦਿੱਤਾ ਜਾਵੇ ਤੇ ਉਹ ਨਿੱਜੀ ਲੋੜਾਂ ਦੇ ਨਾਲ-ਨਾਲ ਆਪਣੀਆ ਹੋਰ ਵਿਲਾਸਤਾਂ ਦੀ ਕੁਝ ਲੋੜਾਂ ਅਤੇ ਨਿੱਕੇ ਮੋਟੇ ਸ਼ੋਕ ਵੀ ਪੂਰੇ ਸਕੇ ਤੇ ਵਸਤੂਆਂ ਦੀ ਮੰਗ ਬਣੀ ਰਹੇ। ਕੈਨੇਡਾ ਅਮਰੀਕਾ ਅਤੇ ਹੋਰ ਵਿਕਸਿਤ ਦੇਸਾਂ ਦੇ ਮਜ਼ਦੂਰਾਂ ਨੂੰ ਇਸੇ ਢੰਗ ਨਾਲ ਪੇ ਕੀਤਾ ਜਾਂਦਾ ਹੈ, ਉਹ ਸਾਰੀ ਉਮਰ ਕੰਮ ਵੀ ਕਰਦੇ ਰਹਿੰਦੇ ਹਨ ਤੇ ਆਪਣੇ ਅਮੀਰ ਹੋਣ ਦੇ ਭਰਮ ਪਾਲਕੇ ਪੁਰਾਣੀ ਕਾਰ ਤੋਂ ਨਵੀਂ ਕਾਰ, ਫੇਰ ਹੋਰ ਵਧੀਆ ਕੰਪਨੀ ਕਾਰ ਫਿਰ ਬੀ ਐਮ ਡਬਲਯੂ ਤੱਕ ਐਵਰੇਜ 25 ਤੋਂ 30 ਸਾਲਾਂ ਵਿਚ ਪਹੁੰਚ ਜਾਂਦੇ ਹਨ ਤੇ ਘਰਾਂ ਉੱਪਰ ਵਿਆਜ ਭਰਦੇ-ਭਰਦੇ ਚਾਰ ਤੋਂ ਛੇ ਗੁਣਾ ਵੱਧ ਕੀਮਤ ਤਾਰ ਦਿੰਦੇ ਹਨ। ਗੱਡੀਆਂ ਗਲਜ਼ਰੀ ਹੋਣ ਲੱਗਦੀਆਂ ਹਨ ਤੇ ਘਰ ਵਿਚ ਮੁਲਾਇਮ ਅਤੇ ਮਖਮਲੀ ਗੱਦੇ ਵੱਧ ਜਾਂਦੇ ਹਨ ਪਰ ਟੁੱਟ ਚੁੱਕੀਆਂ ਢੂੰਹੀਆਂ ਉਹਨਾਂ ਦੀ ਥਾਂ ਲੱਕੜ ਦੇ ਫੱਟੇ ਤੇ ਟਿੱਕਕੇ ਸਾਹਿਜ ਮਹਿਸੂਸ ਕਰਦੀਆਂ ਹਨ ਅਤੇ ਇਕ ਮਜ਼ਦੂਰ ਫੱਟੇ ਤੋਂ ਫੱਟੇ ਦਾ ਸਫਰ ਤਹਿ ਕਰ ਲੈਂਦਾ ਹੈ ਪਰ ਹੋਣੀ ਇਹ ਹੈ ਕਿ ਉਹ ਇਸੇ ਵਿਚ ਖੁਸ਼ ਹੈ, ਇਸ ਕਰਕੇ ਨਾ ਤਾਂ ਉਸਨੂੰ ਕਾਰਲ ਮਾਰਕਸ ਯਾਦ ਆਉਂਦਾ ਹੈ ਨਾ ਉਸਦੇ ਸਿਧਾਂਤ।



ਬਲਜਿੰਦਰ ਸੰਘਾ
ਫੋਨ : 403-680-3212







